
# ਹੰਸਤੀ ਦੁਨੀਆ

Hansti Duniya (Punjabi)
▪ Vol. 43 ▪ No. 1 ▪ January 2019

₹15/-



# ਨਵਾਂ ਸਾਲ ਮੁਬਾਰਕ

4





# ਹੰਸਤੀ ਦੁਨੀਆ

• Vol. 43 • ਅੰਕ : 01 • ਜਨਵਰੀ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org








## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46



















## ਕਹਾਣੀਆਂ

ਦੋਸ਼ੀ ਕੌਣ?
– ਡਾ.ਸੰਤੋਸ਼ 06
ਗਾਲੜੀ ਡੱਡੀ ਅਤੇ ਨੀਲੀ ਮੱਛੀ
– ਰਵੀ 12
ਲੋਹੜੀ ਦਾ ਤਿਉਹਾਰ
– ਅੰਜੂ ਨਿਰੰਕਾਰੀ 24
ਮੰਟੂ ਦਾ ਅਨੋਖਾ ਤਰੀਕਾ
– ਬਲਵਿੰਦਰ ਸਿੰਘ 28
ਸ਼ਿਵਾ ਜੀ ਦਾ ਸਾਹਸ
– ਵਿਜੈ ਪ੍ਰਕਾਸ਼ 32
ਰੌਸ਼ਨੀ ਦਾ ਚੌਰਾਹਾ
– ਅਮਰਜੀਤ ਚੰਦਰ 35
ਬੁਚੀਲਾਲ ਦੀ ਚਤੁਰਾਈ
– ਭੂਸ਼ਣ ਦਾਸ 39

## ਗੀਤ-ਕਵਿਤਾਵਾਂ

ਨਵਾਂ ਸਾਲ ਮੁਬਾਰਕ
– ਦਰਸ਼ਨ ਸਿੰਘ ਕੰਡਾ 5
ਗਣਤੰਤਰ ਦਿਵਸ
– ਮੋਤੀ ਵਿਮਲ 11
ਕੱਛੂਕੀਮਾ
– ਪੈਦਲ ਧਿਆਨਪੁਰੀ 34
ਫੇਰ ਮੁਬਾਰਕ ਸਾਲ ਨਵਾਂ
– ਬਲਵਿੰਦਰ ਬਾਲਮ 43

## ਵਿਸ਼ੇਸ਼ ਲੇਖ

– ਸੁਆਦ ਅਤੇ ਸਿਹਤ...ਸ਼ਰਿਦ
– ਰਾਜਕੁਮਾਰ ਜੈਨ 9
ਗੋਰੀਲਾ
– ਡਾ.ਵਿਨੋਦ ਗੁਪਤਾ 18
ਵਿਸ਼ਵ ਦੀਆਂ ਪ੍ਰਸਿੱਧ ਗੁਫਾਵਾਂ
– ਕਿਰਣ ਬਾਲਾ 30
ਚੰਦਰਸ਼ੇਖਰ ਆਜ਼ਾਦ
– ਮਹੇਸ਼ ਚੰਦਰ ਸ਼ਰਮਾ 44

ਸਭ ਤੋਂ ਪਹਿਲਾਂ

# ਨਵਾਂ ਸਾਲ ਮੁਬਾਰਕ




ਪਿਆਰੇ ਬੱਚਿਓ ! ਮੁਬਾਰਕਾਂ !! ਨਵਾਂ ਸਾਲ ਅਰੰਭ ਹੋ ਗਿਐ। ਸਾਲ 2018, ਜੋ 365 ਦਿਨ ਪਹਿਲਾਂ ਅਰੰਭ ਹੋਇਆ ਸੀ ਅਤੇ ਜਿਸਦੇ ਆਉਣ ਤੇ ਵੀ ਅਸੀਂ ਸਾਰਿਆਂ ਰਲ-ਮਿਲ ਕੇ ਖੁਸ਼ੀ ਮਨਾਈ ਸੀ, ਉਹ ਅਪਣੀ ਨਿਰਧਾਰਤ ਗਤੀ ਨਾਲ ਚਲਦਾ ਹੋਇਆ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਕੇ ਇਤਿਹਾਸ ਦੇ ਪੰਨਿਆਂ ਵਿਚ ਅਪਣੀ ਥਾਂ ਲੈ ਚੁਕਾ ਹੈ। ਉਸਦੀ ਜਗ੍ਹਾ ਹੁਣ 2019 ਨੇ ਲੈ ਲਈ ਹੈ ਜੋ ਨਵੀਆਂ ਆਸਾਂ ਅਤੇ ਉਮੰਗਾਂ ਨਾਲ ਲੈ ਕੇ ਅਪਣੀ ਹੋਂਦ ਦਰਜ਼ ਕਰਵਾ ਚੁਕਾ ਹੈ। ਚਾਰੇ ਪਾਸੇ ਵਧਾਈਆਂ, ਮੁਬਾਰਕਾਂ ਅਤੇ ਸ਼ੁਭ ਕਾਮਨਾਵਾਂ ਦਾ ਦੌਰ ਚਲ ਰਿਹਾ ਹੈ। ਸਾਰੇ ਖੁਸ਼ ਹਨ ਇਸ ਉਮੀਦ ਨਾਲ ਕਿ ਇਹ ਨਵਾਂ ਸਾਲ ਸਾਡੇ ਜੀਵਨ, ਸਾਡੇ ਪ੍ਰੀਵਾਰ, ਸਾਡੇ ਸਮਾਜ, ਸਾਡੇ ਮੁਲਕ ਅਤੇ ਸਮੁਚੀ ਦੁਨੀਆਂ ਵਿਚ ਖੁਸ਼ੀ, ਅਮਨ ਅਤੇ ਸ਼ਾਂਤੀ ਕਾਇਮ ਕਰਨ ਵਿਚ ਸਹਾਇਕ ਹੋਏਗਾ।

ਪਿਆਰੇ ਬੱਚਿਓ ! ਅਸੀਂ ਜਾਣਦੇ ਹਾਂ ਕਿ ਨਵਾਂ ਸਾਲ ਅਰੰਭ ਹੁੰਦੇ ਹੀ ਹਰ ਕੋਈ ਅਪਣੇ ਲਈ ਕੋਈ ਨਾ ਕੋਈ ਰੇਜ਼ੁਲੇਸ਼ਨ ਮਿਥਦਾ ਹੈ ਜੋ ਉਸ ਸਾਲ ਉਸਦੇ ਜੀਵਨ ਦਾ ਟੀਚਾ ਬਣ ਜਾਂਦਾ ਹੈ। ਸੋ, ਤੁਸੀ ਵੀ ਕੋਈ ਨਾ ਕੋਈ ਸ਼ੁਭ ਸੰਕਲਪ ਲੈਣਾ ਹੈ ਅਤੇ ਅਪਣੀ ਸੋਚ, ਕਰਮ ਅਤੇ ਵਿਓਹਾਰ ਨਾਲ ਉਸ ਨੂੰ ਪੂਰਾ ਕਰਨ ਲਈ ਜੁਟ ਜਾਣਾ ਹੈ। ਬੱਚਿਆਂ ਲਈ ਤਾਂ ਖਾਸ ਤੌਰ ਤੇ ਇਹੀ ਸੰਕਲਪ ਬਣਦਾ ਹੈ ਕਿ ਉਹ ਨਵੇਂ ਸਾਲ ਦੇ ਅਰੰਭ ਤੋਂ ਹੀ ਅਪਣੀ ਪੜ੍ਹਾਈ ਵਲ ਖਾਸ ਧਿਆਨ ਦੇਣ ਕਿਉਂਕਿ ਲਗਪਗ 2 ਮਹੀਨੇ ਬਾਦ ਹੀ ਸਾਲਾਨਾ ਇਮਤਿਹਾਨਾਂ ਦਾ ਸਮਾਂ ਆ ਜਾਣਾ ਹੈ। ਇਸ ਲਈ ਦਿਲ ਲਗਾ ਕੇ ਪੜ੍ਹੀਏ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਈਏ।

ਪਿਆਰੇ ਬੱਚਿਓ ! ਸਾਲ ਦੇ ਪਹਿਲੇ ਮਹੀਨੇ ਜਨਵਰੀ ਦੀ 26 ਤਰੀਕ ਨੂੰ ਸਾਰੇ ਭਾਰਤੀ ਗਣਤੰਤਰ ਦਿਵਸ ਦੇ ਰੂਪ ਵਿਚ ਮਨਾਉਂਦੇ ਹਨ। ਅਸੀਂ ਜਾਣਦੇ ਹਾਂ ਕਿ ਇਸੀ ਦਿਨ ਦੇਸ਼ ਵਿਚ ਅਪਣਾ ਸੰਵਿਧਾਨ ਲਾਗੂ ਹੋਇਆ ਸੀ। ਰਾਜ-ਕਾਜ ਚਲਾਉਣ ਲਈ ਅਪਣੇ ਨਿਯਮ-ਕਾਨੂੰਨ ਲਾਗੂ ਹੋਏ ਸਨ। ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਹਰ ਭਾਰਤੀ ਨੂੰ ਸਮਾਨਤਾ ਦੇ ਅਧਿਕਾਰ ਹਾਸਿਲ ਹੋਏ ਸਨ। ਅੱਜ ਦੇਦਿਨ ਰਾਜਪਥ ਤੇ ਵਿਸ਼ਾਲ ਪਰੇਡ ਨਿਕਲਦੀ ਹੈ ਜਿਸ ਵਿਚ ਜਿਥੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਦਰਸਾਉਣ ਵਾਲੀਆਂ ਅਨੇਕਾਂ ਝਾਂਕੀਆਂ ਹੁੰਦੀਆਂ ਹਨ, ਉਥੇ ਦੇਸ਼ ਦੀ ਰਖਿਆ ਤੇ ਸ਼ਾਂਤੀ-ਵਿਵਸਥਾ ਨੂੰ ਬਣਾਈ ਰੱਖਣ ਵਾਲੇ ਜਵਾਨ ਅਪਣੀ ਏਕਤਾ ਅਤੇ ਸ਼ਕਤੀ ਦਾ ਪ੍ਰਦਰਸ਼ਨ ਵੀ ਕਰਦੇ ਹਨ। ਦੇਸ਼ ਦੇ ਰਾਸ਼ਟਰਪਤੀ ਇਸ ਪਰੇਡ ਦੀ ਸਲਾਮੀ ਲੈਂਦੇ ਹਨ।

ਇਹ ਪ੍ਰਦਰਸ਼ਨ ਹੁੰਦਾ ਹੈ ਦੇਸ਼ ਰਾਹੀਂ ਸੁਤੰਤਰਤਾ ਪ੍ਰਾਪਤੀ ਤੋਂ ਬਾਦ ਕੀਤੀ ਪ੍ਰਗਤੀ ਦਾ। ਹਰ ਭਾਰਤੀ ਨੂੰ ਇਸ ਤੇ ਮਾਣ ਹੁੰਦਾ ਹੈ। ਇਹ ਪ੍ਰਗਤੀ ਅਤੇ ਖੁਸ਼ਹਾਲੀ ਤਾਂ ਹੀ ਸੰਭਵ ਹੁੰਦੀ ਹੈ ਜਦ ਹਰ ਸ਼ਹਿਰੀ ਅਪਣੀ ਜ਼ਿੰਮੇਦਾਰੀ ਨੂੰ ਪੂਰੀ ਤਰ੍ਹਾਂ ਨਿਭਾਉਂਦਾ ਹੈ।

ਆਉ ! ਨਵੇਂ ਸਾਲ ਤੇ ਪ੍ਰਣ ਕਰੀਏ ਕਿ ਅਸੀਂ ਸਾਰੇ ਵੀ ਇਕਜੁਟ ਹੋ ਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਖੁਸ਼ਹਾਲੀ ਲਈ ਕੰਮ ਕਰਾਂਗੇ ਤਾਂਕਿ ਇਹ ਸਾਲ ਵੀ ਮੁਬਾਰਕ ਹੋਵੇ ਅਤੇ ਆਉਣ ਵਾਲੇ ਸਾਰੇ ਸਾਲ ਵੀ ਮੁਬਾਰਕ ਹੋ ਜਾਣ।

ਸੁਲੇਖ 'ਸਾਥੀ'
ssathi_2007@yahoo.com

– ਦਰਸ਼ਨ ਸਿੰਘ ਕੰਡਾ

# ਨਵਾਂ ਸਾਲ ਮੁਬਾਰਕ

ਲਓ ਜੀ ਫਿਰ ਆ ਗਿਆ ਏ,
ਨਵਾਂ ਸਾਲ ਬੱਚਿਉ,
ਨਵੇਂ ਸਾਲ ਵਿਚ ਕਰਿਉ ਕਮਾਲ ਬੱਚਿਉ
ਫਿਰ ਆ ਗਿਆ ਏ...

ਮਨ ਸਿਮਰਨ ਵਿਚ ਲਾਇਆ ਕਰਨੈ,
ਰੋਜ਼ ਹੀ ਸੰਗਤ ਵਿਚ ਜਾਇਆ ਕਰਨੈ
ਮੰਮੀ ਪਾਪਾ ਨਾਲ ਬੱਚਿਉ
ਨਵਾਂ ਸਾਲ ਬੱਚਿਓ . . .

ਵਰਦੀ ਵਿਚ ਕੋਈ ਵਲ ਨਾ ਹੋਵੇ,
ਮਨ ਵਿਚ ਕੋਈ ਵਲ-ਛਲ ਨਾ ਹੋਵੇ
ਹੋਵਣ ਨੇਕ ਖਿਆਲ ਬੱਚਿਉ
ਨਵਾਂ ਸਾਲ ਬੱਚਿਓ . . .

ਨਿਸ਼ਠਾ ਤੇ ਸਾਧਿਕ ਨੇ ਪਾਈ ਵਰਦੀ,
ਨਿਤਿਨ ਨੇ ਵੀ ਹੈ ਸਵਾਈ ਵਰਦੀ,
ਪੂਰੇ ਚਾਵਾਂ ਨਾਲ ਬੱਚਿਉ
ਨਵਾਂ ਸਾਲ ਬੱਚਿਓ . . .

ਸੋਹਣੇ-ਸੋਹਣੇ ਗੀਤ ਵੀ ਗਾਂਦੇ ਰਹੀਏ,
ਪਿਆਰ ਸਤਿਕਾਰ ਵੀ ਵਧਾਉਂਦੇ ਰਹੀਏ।
ਨੱਚ-ਨੱਚ ਪਾਉ ਧਮਾਲ ਬੱਚਿਉ
ਨਵਾਂ ਸਾਲ ਬੱਚਿਓ . . .





# ਦੋਸ਼ੀ ਕੌਣ?

ਕਹਾਣੀ : ਡਾ: ਸੰਤੋਸ਼

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਆਦੇਗਾਂਵ ਨਾਮਕ ਰਾਜ ਵਿੱਚ ਸਤਿੰਦਰ ਸਿੰਘ ਨਾਮ ਦੇ ਇਕ ਰਾਜਾ ਰਾਜ ਕਰਦੇ ਸਨ। ਉਹਨਾਂ ਦੀ ਪਤਨੀ ਦਾ ਨਾਮ ਰਾਣੀ ਅਭਿਲਾਸ਼ਾ ਦੇਵੀ ਸੀ। ਰਾਜਾ ਸਤਿੰਦਰ ਸਿੰਘ ਬਹੁਤ ਹੀ ਮਿੱਠਬੋਲੜੇ, ਨਿਆਪ੍ਰਿਯ ਅਤੇ ਸ਼ਾਂਤ ਸੁਭਾਅ ਦੇ ਸਨ। ਉਹਨਾਂ ਨੇ ਆਪਣੇ ਰਾਜਮੰਤਰੀ ਨਾਗੋਤਰਾ ਨੂੰ ਇਹ ਆਦੇਸ਼ ਦੇ ਰੱਖਿਆ ਸੀ ਕਿ ਪ੍ਰਜਾ ਨੂੰ ਕਦੇ ਕੋਈ ਕਸ਼ਟ ਨਾ ਹੋਵੇ, ਰਾਜ ਵਿੱਚ ਪ੍ਰਜਾ ਦੇ ਸੁਖ-ਦੁਖ ਦੀ ਜਾਣਕਾਰੀ ਤੋਂ ਹਮੇਸ਼ਾਂ ਮੈਨੂੰ ਜਾਣੂ ਕਰਾਇਆ ਜਾਣਾ ਚਾਹੀਦਾ ਹੈ। ਰਾਜਾ ਦੀ ਕੋਈ ਸੰਤਾਨ ਨਹੀਂ ਸੀ।

ਰਾਜ ਕਾਰਜ ਨਿਪਟਾਉਣ ਦੇ ਬਾਦ ਰਾਜਾ ਕਦੇ-ਕਦੇ ਆਪਣੇ ਮਨੋਰੰਜਨ ਲਈ ਸ਼ਿਕਾਰ ਤੇ ਵੀ ਜਾਇਆ ਕਰਦੇ ਸਨ। ਰਾਜਾ ਸਤਿੰਦਰ ਸਿੰਘ ਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਂਕ ਸੀ। ਇਸ ਲਈ ਉਹ ਸ਼ਿਕਾਰ ਖੇਡਣ ਜਾਂਦੇ ਸਮੇਂ ਨਾਗੋਤਰਾ ਨੂੰ ਵੀ ਆਪਣੇ ਨਾਲ ਲੈ ਜਾਇਆ ਕਰਦੇ ਸਨ।

ਇਕ ਦਿਨ ਹਮੇਸ਼ਾਂ ਦੀ ਤਰ੍ਹਾਂ ਰਾਜਾ ਅਤੇ ਮੰਤਰੀ ਦੋ ਸਜੀਲੇ ਘੋੜਿਆਂ ਤੇ ਸ਼ਿਕਾਰ ਲਈ ਨਿਕਲ ਪਏ।

ਨਾਗੋਤਰਾ! ਅੱਜ ਸ਼ਿਕਾਰ ਖੇਡਣ ਕਿਉਂ ਨਾ ਅੰਡੀਆ ਮਾਨੇਰੀ ਦੇ ਜੰਗਲਾਂ ਵੱਲ ਚਲੀਏ। ਰਾਜਾ ਨੇ ਰਾਜ ਮੰਤਰੀ ਨੂੰ ਚੱਲਣ ਲਈ ਕਿਹਾ।

- ਜੀ ਮਹਾਰਾਜ ਜਿਵੇਂ ਆਪ ਦੀ ਇੱਛਾ। - ਮੰਤਰੀ ਨੇ ਜਵਾਬ ਦਿੱਤਾ।

ਉਹਨਾਂ ਦੋਹਾਂ ਦੇ ਘੋੜੇ ਅੰਡੀਆ ਮਾਨੇਰੀ ਦੇ ਜੰਗਲਾਂ ਵੱਲ ਦੌੜ ਪਏ। ਉਹ ਐਨਾ ਘਣਾ ਜੰਗਲ ਸੀ ਜਿਥੇ ਰੁੱਖਾਂ ਦੇ ਕਾਰਣ ਦਿਨ ਵਿੱਚ ਵੀ ਹਨ੍ਹੇਰਾ ਛਾਇਆ ਰਹਿੰਦਾ ਸੀ। ਰਾਜਾ ਅਤੇ

ਮੰਤਰੀ ਛੇਤੀ ਹੀ ਉਸ ਜੰਗਲ ਵਿੱਚ ਪਹੁੰਚ ਗਏ।



ਤਦ ਉਹਨਾਂ ਨੂੰ ਇਕ ਹਿਰਨ ਨਜ਼ਰ ਆਇਆ। ਰਾਜਾ ਨੇ ਛੇਤੀ ਨਾਲ ਆਪਣੇ ਧਨੁਸ਼ ਤੇ ਬਾਣ ਕੱਸਿਆ ਲੇਕਿਨ ਤਦ ਤਕ ਡਰਿਆ ਹੋਇਆ ਹਿਰਨ ਪੁਲਾਂਗੇ ਭਰਦਾ ਹੋਇਆ ਝਾੜੀਆਂ ਦੇ ਪਿੱਛੇ ਗਾਇਬ ਹੋ ਗਿਆ। ਇਹ ਵੇਖ ਕੇ ਰਾਜਾ ਨੇ ਆਪਣਾ ਘੋੜਾ ਉਸੇ ਪਾਸੇ ਮੋੜ ਕੇ ਹਿਰਨ ਦੇ ਪਿਛੇ ਲਗਾ ਦਿੱਤਾ।

ਰਾਜਾ ਸਤਿੰਦਰ ਨੇ ਉਹਨੂੰ ਬਹੁਤ ਲੱਭਿਆ ਪਰ ਉਹ ਇਸ ਵਾਰ ਉਹਨਾਂ ਨੂੰ ਕਿਤੇ ਵੀ ਨਜ਼ਰ ਨਹੀਂ ਆਇਆ। ਤਦੇ ਉਹਨਾਂ ਨੂੰ ਲੱਭਦੇ ਹੋਏ ਮੰਤਰੀ ਉਹਨਾਂ ਦੇ ਨੇੜੇ ਆ ਪਹੁੰਚਿਆ।

– ਸ਼ਿਕਾਰ ਹੱਥੋਂ ਨਿਕਲ ਗਿਆ। – ਰਾਜਾ ਨੇ ਬੁਝੇ ਮਨ ਨਾਲ ਜਵਾਬ ਦਿੱਤਾ।

– ਜਾਣ ਦਿਉ ਰਾਜਨ! ਚਲੋ ਅਸੀਂ ਦੂਸਰਾ ਸ਼ਿਕਾਰ ਲੱਭਦੇ ਹਾਂ। ਮੰਤਰੀ ਨੇ ਰਾਜਾ ਨੂੰ ਕਿਹਾ।

-ਮੈਨੂੰ ਜੋਰਾਂ ਨਾਲ ਪਿਆਸ ਲੱਗੀ ਹੈ। ਪਿਆਸ ਦੇ ਮਾਰੇ ਮੇਰਾ ਗਲਾ ਸੁੱਕੀ ਜਾ ਰਿਹਾ ਹੈ। – ਰਾਜਾ ਨੇ ਆਪਣੇ ਸੁੱਕੇ ਬੁੱਲ੍ਹਾਂ ਤੇ ਜੀਭ ਫੇਰਦੇ ਹੋਏ ਕਿਹਾ।

– ਓਹ ਪਾਣੀ..... ਮੈਂ ਹੁਣੇ ਪਾਣੀ ਦੀ ਭਾਲ ਕਰਕੇ ਆਉਂਦਾ ਹਾਂ।

ਰਾਜਾ ਨੂੰ ਆਪਣੇ ਪਿਛੇ ਸੁੱਕੇ ਪੱਤਿਆਂ ਦੇ ਚਰਮਰਾਉਣ ਦੀ ਆਵਾਜ਼ ਸੁਣਾਈ ਦਿੱਤੀ। ਰਾਜਾ ਹੈਰਾਨ ਹੋ ਕੇ ਛੇਤੀ ਨਾਲ ਮੁੜਿਆ ਤਾਂ ਵੇਖਿਆ ਇਕ ਚਿੜੀਮਾਰ ਮੋਢੇ ਤੇ ਜਾਲ ਪਾਈ ਉਹਨਾਂ ਵੱਲ ਹੀ ਚਲਿਆ ਆ ਰਿਹਾ ਸੀ। ਨੇੜੇ ਆ ਕੇ ਉਸ ਨੇ ਰਾਜਾ ਨੂੰ ਪ੍ਰਣਾਮ ਕੀਤਾ।

– ਕੌਣ ਹੈ ਤੂੰ? – ਰਾਜਾ ਨੇ ਪਛਾਣ ਜਾਣਨੀ ਚਾਹੀ।

– ਮੈਂ ਇਕ ਗਰੀਬ ਚਿੜੀਮਾਰ ਹਾਂ ਰਾਜਨ।

– ਤੂੰ ਤਾਂ ਇਸ ਜੰਗਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਨਾ? ਕੀ ਤੂੰ ਮੇਰੀ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰ ਸਕਦਾ ਹੈ?

– ਜੀ ਹਾਂ। ਇਥੇ ਨੇੜੇ ਹੀ ਇਕ ਸਾਫ਼ ਅਤੇ ਮਿੱਠੇ ਜਲ ਦਾ ਤਾਲਾਬ ਹੈ। – ਚਿੜੀਮਾਰ ਨੇ ਆਦਰਪੂਰਵਕ ਕਿਹਾ।

ਰਾਜਾ ਸਤਿੰਦਰ ਉਸਦੇ ਪਿੱਛੇ ਚਲ ਪਿਆ।

ਛੇਤੀ ਹੀ ਉਹ ਜੰਗਲ ਦੇ ਵਿਚਕਾਰ ਇਕ ਵਿਸ਼ਾਲ ਤਾਲਾਬ ਦੇ ਕੋਲ ਪਹੁੰਚੇ। ਤਾਲਾਬ ਦਾ ਸਾਫ ਜਲ ਵੇਖ ਕੇ ਰਾਜਾ ਦੀ



ਲੱਗਾ।

– ਹੇ ਈਸ਼ਵਰ, ਇਹ ਕਿਹੋ ਜਿਹਾ ਜਾਦੂ ਹੈ, ਪਿਆਸ ਦੇ ਮਾਰੇ ਤਾਂ ਮੇਰੀ ਜਾਨ ਹੀ ਨਿਕਲੀ ਜਾ ਰਹੀ ਹੈ।– ਰਾਜਾ ਬੁੜਬੜਾਇਆ।

– ਠਹਿਰੋ ਰਾਜਨ! ਮੈਂ ਆਪ ਨੂੰ ਜਲ ਪਿਲਾਉਂਦਾ ਹਾਂ। – ਰਾਜਾ ਦੇ ਪਿਛੋਂ ਆਵਾਜ਼ ਆਈ।

ਉਹਨਾਂ ਨੇ ਪਲਟ ਕੇ ਵੇਖਿਆ ਤਾਂ ਮੰਤਰੀ ਤੇਜੀ ਨਾਲ ਉਹਨਾਂ ਵੱਲ ਹੀ ਚਲਿਆ ਆ ਰਿਹਾ ਸੀ।

–ਨਾਗੋਤਰਾ ! ਇਹ ਕਿਹੋ ਜਿਹਾ ਜਾਦੂਈ ਤਾਲਾਬ ਹੈ, ਇਥੇ ਪਾਣੀ ਨਹੀਂ ਖ਼ੂਨ ਹੈ।

ਪਿਆਸ ਜਿਵੇਂ ਹੋਰ ਵੀ ਵਧ ਚੁੱਕੀ ਸੀ।

–ਵਾਹ ਪਾਣੀ... ਵਾਹ' – ਰਾਜਾ ਦੇ ਬੁੱਲ੍ਹਾਂ ਚੋਂ ਖੁਸ਼ੀ ਦੇ ਬੋਲ ਫੁਟ ਪਏ।

– ਹੁਣ ਆਪ ਜੀਅ ਭਰ ਕੇ ਪਾਣੀ ਪੀ ਸਕਦੇ ਹੋ ਮਹਾਰਾਜ – ਚਿੜੀਮਾਰ ਨੇ ਕਿਹਾ।

ਤਾਲਾਬ ਦੇ ਕਿਨਾਰੇ ਬੈਠ ਰਾਜਾ ਨੇ ਦੋਹਾਂ ਹੱਥਾਂ ਵਿੱਚ ਚੁੱਲੂ ਦੀ ਤਰ੍ਹਾਂ ਪਾਣੀ ਭਰ ਕੇ ਪੀਣ ਲਈ ਆਪਣੇ ਬੁਲ੍ਹਾਂ ਨੂੰ ਲਗਾਇਆ। ਲੇਕਿਨ ਇਹ ਕੀ? ਉਹਨਾਂ ਦੇ ਹੱਥਾਂ ਵਿੱਚ ਤਾਂ ਪਾਣੀ ਨਹੀਂ, ਖ਼ੂਨ ਸੀ। ਹੈਰਾਨ ਹੋ ਕੇ ਉਹਨਾਂ ਨੇ ਫਿਰ ਤਾਲਾਬ ਵੱਲ ਵੇਖਿਆ। ਚਾਰੇ ਪਾਸੇ ਸਾਫ਼-ਸੁਥਰਾ ਨਿਰਮਲ ਜਲ ਸੀ। ਉਹਨਾਂ ਨੇ ਵੇਖਿਆ ਕਿ ਚਿੜੀਮਾਰ ਵੀ ਚੁੱਲੂ ਨਾਲ ਪਾਣੀ ਲੈ ਕੇ ਪੀ ਰਿਹਾ ਸੀ। ਉਹਨਾਂ ਨੇ ਹੱਥਾਂ ਵਿੱਚ ਭਰਿਆ ਹੋਇਆ ਪਾਣੀ ਖ਼ੂਨ ਸਮਝ ਕੇ ਸੁੱਟ ਦਿਤਾ। ਫਿਰ ਜਿਉਂ ਹੀ ਉਹਨਾਂ ਨੇ ਤਾਲਾਬ ਦਾ ਨਿਰਮਲ ਸਾਫ਼ ਜਲ ਹੱਥਾਂ ਵਿੱਚ ਭਰਿਆ ਤਾਂ ਫਿਰ ਖ਼ੂਨ ਨਜ਼ਰ ਆਉਣ

– ਰਾਜਨ, ਅਗਰ ਆਪ ਬੁਰਾ ਨਾ ਮੰਨੋ ਤਾਂ ਮੇਰੇ ਹੱਥਾਂ ਨਾਲ ਪਾਣੀ ਪੀ ਲਉ। – ਕਹਿੰਦੇ ਹੋਏ ਮੰਤਰੀ ਨਾਗੋਤਰਾ ਨੇ ਆਪਣੇ ਦੋਹਾਂ ਹੱਥਾਂ ਵਿੱਚ ਤਾਲਾਬ ਦਾ ਪਾਣੀ ਭਰਿਆ ਅਤੇ ਰਾਜਾ ਵੱਲ ਵਧਾਇਆ।

ਰਾਜਾ ਨੇ ਡਰਦੇ-ਡਰਦੇ ਪਾਣੀ ਪੀਣਾ ਸ਼ੁਰੂ ਕੀਤਾ ਲੇਕਿਨ ਬੇਹੱਦ ਹੈਰਾਨ ਕਿ ਨਾਗੋਤਰਾ ਦੇ ਹੱਥਾਂ ਵਿੱਚ ਪਾਣੀ ਖ਼ੂਨ ਨਹੀਂ ਬਣਿਆ।

–ਸਚਮੁਚ ਅੱਜ ਤੂੰ ਮੇਰੀ ਜਾਨ ਬਚਾਈ ਹੈ, ਨਹੀਂ ਤਾਂ ਪਿਆਸ ਦੇ ਮਾਰੇ ਅੱਜ ਮੇਰਾ ਦਮ ਹੀ ਨਿਕਲ ਜਾਂਦਾ। – ਰਾਜਾ ਨੇ ਖੁਸ਼ੀ ਭਰੇ ਲਹਿਜੇ ਵਿੱਚ ਕਿਹਾ ਅਤੇ ਨਾਗੋਤਰਾ ਦੀ ਪਿੱਠ ਤੇ ਪਿਆਰ ਭਰਿਆ ਹੱਥ ਰੱਖ ਦਿੱਤਾ ਅਤੇ ਉਹ ਵਾਪਸ ਪਰਤਣ ਲੱਗੇ।

– ਨਾਗੋਤਰਾ ! ਇਸ ਜਾਦੂਈ ਤਾਲਾਬ ਦਾ ਰਾਜ ਮੇਰੀ ਸਮਝ ਵਿੱਚ ਨਹੀਂ ਆਇਆ। –

ਰਾਜਾ ਨੇ ਉਤਸੁਕਤਾ ਭਰੇ ਲਹਿਜੇ ਵਿੱਚ ਪ੍ਰਸ਼ਨ ਕੀਤਾ।

– ਰਾਜਨ, ਅਗਰ ਆਗਿਆ ਦਿਉ ਤਾਂ ਮੈਂ ਇਸਦਾ ਰਾਜ ਦੱਸਾਂ। – ਮੰਤਰੀ ਨੇ ਗੰਭੀਰ ਆਵਾਜ਼ ਵਿੱਚ ਕਿਹਾ।

– ਹਾਂ, ਹਾਂ ਨਿਡਰ ਹੋ ਕੇ ਕਹੋ ਜੋ ਤੁਸੀਂ ਕਹਿਣਾ ਚਾਹੁੰਦੇ ਹੋ।

– ਰਾਜਨ ! ਜਦ ਮੈਂ ਆਪ ਦੇ ਆਦੇਸ਼ ਨਾਲ ਪਾਣੀ ਦੀ ਭਾਲ ਵਿੱਚ ਨਿਕਲਿਆ ਤਦੇ ਇਕ ਰੁੱਖ ਤੇ ਬੈਠੇ ਕੁਝ ਬਾਂਦਰਾਂ ਨੂੰ ਮੈਂ ਵੇਖਿਆ ਅਤੇ ਰੁਕ ਕੇ ਉਹਨਾਂ ਦੀ ਗੱਲਬਾਤ ਸੁਣੀ। ਉਹਨਾਂ ਵਿਚੋਂ ਇਕ ਬਾਂਦਰੀ ਆਪਣੇ ਬਾਂਦਰ ਨੂੰ ਕਹਿ ਰਹੀ ਸੀ। – ਸੁਣੋ ਜੀ, ਅੱਜ ਸਾਡੇ ਜੰਗਲ ਵਿੱਚ ਇਕ ਨਿਰਦਈ ਰਾਜਾ ਆਇਆ ਹੈ।

ਇਸ ਤੇ ਬਾਂਦਰ ਨੇ ਕਿਹਾ – ਅੱਛਾ ..... ਲੇਕਿਨ ਮੈਂ ਤਾਂ ਸੁਣਿਆ ਹੈ ਉਹ ਬਹੁਤ ਦਿਆਲੂ ਰਾਜਾ ਹੈ।

– ਹੂੰ... ਜੋ ਸਿਰਫ ਆਪਣੇ ਮੰਨੋਰੰਜਨ ਲਈ ਨਿਰਦੋਸ਼ ਪਸ਼ੂ–ਪੰਛੀਆਂ ਦਾ ਕਤਲ ਕਰੇ ਭਲਾ ਉਹ ਦਿਆਲੂ ਕਿਵੇਂ ਹੋਇਆ, ਮਨੁੱਖਾਂ ਦੀ ਤਰ੍ਹਾਂ ਜੰਗਲ ਦੇ ਪਸ਼ੂ-ਪੰਛੀ ਵੀ ਤਾਂ ਉਸਦੀ ਪ੍ਰਜਾ ਹਨ। ਫਿਰ ਜੰਗਲ ਦੀ ਪ੍ਰਜਾ ਨੂੰ ਕਸ਼ਟ ਕਿਉਂ ਪਹੁੰਚਾਉਂਦਾ ਹੈ ਭਲਾ? ਵੇਖਣਾ ਅਜਿਹਾ ਪਾਪੀ ਪਿਆਸ ਨਾਲ ਤੜਪ-ਤੜਪ ਕੇ ਮਰੇਗਾ। – ਬਾਂਦਰੀ ਨੇ ਕ੍ਰੋਧ ਭਰੀ ਆਵਾਜ਼ਵਿੱਚ ਜਵਾਬ ਦਿੱਤਾ।

– ਮੈਂ ਐਨਾ ਸੁਣ ਕੇ ਆਪ ਦੇ ਕੋਲ ਦੌੜਿਆ ਚਲਾ ਆਇਆ। – ਮੰਤਰੀ ਨੇ ਪੂਰੀ ਗੱਲ ਕਹਿ ਸੁਣਾਈ।

– ਓਹ ! ਇਹ ਗੱਲ ਹੈ ਸਚਮੁਚ ਕਿੰਨਾ ਪਾਪੀ ਹਾਂ ਮੈਂ..... ਨਾਗੋਤਰਾ। ਅੱਜ ਤੋਂ ਸਾਡਾ ਸ਼ਿਕਾਰ ਖੇਡਣਾ ਬੰਦ, ਹੁਣ ਅਸੀਂ ਕਦੇ ਅਜਿਹਾ ਪਾਪ ਨਹੀਂ ਕਰਾਂਗੇ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਅੱਗ ਗਰਮ ਕਿਉਂ ਹੁੰਦੀ ਹੈ?**

**ਉੱਤਰ :** ਜਲਣ ਦੀ ਪ੍ਰਕਿਰਿਆ ਵਿੱਚ ਊਸ਼ਮਾ ਪੈਦਾ ਹੁੰਦੀ ਹੈ। ਜਦੋਂ ਆਕਸੀਜਨ ਹਾਈਡ੍ਰੋਜਨ ਨਾਲ ਮਿਲ ਕੇ ਅਣੂ ਬਣਾਉਂਦੀ ਹੈ ਤਾਂ ਇਹ ਹਾਈਡ੍ਰੋਜਨ ਦੁਆਰਾ ਦਿਤੇ ਗਏ ਇਲੈਕਟ੍ਰਾਨਾਂ ਨਾਲ ਜ਼ਿਆਦਾ ਪ੍ਰਬਲ ਹੋ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਹਾਈਡਰੋਜਨ ਪਰਮਾਣੂ ਆਪਣੇ ਇਲੈਕਟ੍ਰਾਨ ਖਤਮ ਕਰ ਦਿੰਦਾ ਹੈ ਜਦ ਕਿ ਆਕਸੀਜਨ ਪ੍ਰਮਾਣੂ ਇਕ ਇਲੈਕਟ੍ਰਾਨ ਪ੍ਰਾਪਤ ਕਰਦਾ ਹੈ।

ਕਿਸੇ ਵੀ ਪ੍ਰਮਾਣੂ ਵਿੱਚ ਇਕ ਇਲੈਕਟ੍ਰਾਨ ਘੱਟ ਕਰਨ ਲਈ ਊਰਜਾ ਦੀ ਲੋੜ ਹੁੰਦੀ ਹੈ। ਜਿਸ ਕਾਰਣ ਊਰਜਾ ਦਾ ਪਰਿਣਾਮ ਵੱਧ ਹੋ ਜਾਂਦਾ ਹੈ। ਫਿਰ ਊਸ਼ਮ ਪੈਦਾ ਹੁੰਦੀ ਹੈ ਅਤੇ ਅੱਗ ਗਰਮ ਹੋ ਜਾਂਦੀ ਹੈ।

**ਪ੍ਰਸ਼ਨ : ਮੁੰਡੇ ਜ਼ਿਆਦਾ ਬਲਵਾਨ ਕਿਉਂ ਹੁੰਦੇ ਹਨ?**

**ਉੱਤਰ :** ਮਾਨਵ ਸਰੀਰ ਦਸ ਅੰਗ ਤੰਤਰਾਂ ਨਾਲ ਮਿਲ ਕੇ ਬਣਿਆ ਹੈ। ਇਸ ਵਿੱਚ ਇਕ ਤੰਤਰ ਦੇ ਅੰਤਰਗਤ ਵੱਖ-ਵੱਖ ਪੇਸ਼ੀਆਂ ਆਉਂਦੀਆਂ ਹਨ ਜੋ ਸਰੀਰ ਵਿੱਚ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਕਰਦੀਆਂ ਹਨ। ਮੁੰਡਿਆਂ ਅਤੇ ਕੁੜੀਆਂ ਦੀ ਸਰੀਰਕ ਰਚਨਾ ਵੱਖ-ਵੱਖ ਹੁੰਦੀ ਹੈ। ਕੁਝ ਤੰਤਰ ਵੱਖ-ਵੱਖ ਰੂਪ ਨਾਲ ਦੋਹਾਂ ਵਿੱਚ ਵੰਡੇ ਹੋਏ ਹੁੰਦੇ ਹਨ। ਮੁੰਡਿਆਂ ਵਿੱਚ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਕੁੜੀਆਂ ਵਿੱਚ ਮਾਸਪੇਸ਼ੀਆਂ ਕੋਮਲ ਹੁੰਦੀਆਂ ਹਨ। ਇਸ ਕਾਰਨ ਮੁੰਡੇ ਜ਼ਿਆਦਾ ਬਲਵਾਨ ਹੁੰਦੇ ਹਨ।

**ਪ੍ਰਸ਼ਨ : ਬਰਤਨ ਥੱਲਿਉਂ ਕਾਲੇ ਅਤੇ ਉਤੋਂ ਚਮਕਦਾਰ ਕਿਉਂ ਹੁੰਦੇ ਹਨ?**

**ਉੱਤਰ :** ਕਾਲੀਆਂ ਵਸਤੂਆਂ ਊਸ਼ਮਾ ਨੂੰ ਆਪਣੇ ਅੰਦਰ ਛੇਤੀ ਸੰਭਾਲ ਲੈਂਦੀਆਂ ਹਨ। ਇਸ ਕਰਕੇ ਖਾਣਾ ਬਣਾਉਣ ਵਾਲੇ ਬਰਤਨਾ ਦੇ ਥੱਲੇ ਕਾਲੇ ਰੱਖੇ ਜਾਂਦੇ ਹਨ ਤਾਂਕਿ ਬਰਤਨ ਜਲਦੀ ਖਾਣਾ ਬਣਾ ਦੇਵੇ। ਬਰਤਨਾਂ ਦੀ ਉਪਰਲੀ ਸਤਹ ਇਸ ਲਈ ਚਮਕਦਾਰ ਹੁੰਦੀ ਹੈ ਤਾਂਕਿ ਊਸ਼ਮਾ ਬਾਹਰ ਨਾ ਜਾ ਸਕੇ।

**ਪ੍ਰਸ਼ਨ : ਮਧੁਰ ਸੰਗੀਤ ਸਿਹਤ ਲਈ ਲਾਭਦਾਇਕ ਕਿਉਂ ਹੈ?**

**ਉੱਤਰ :** ਤਨਾਵ ਦੂਰ ਕਰਨ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ। ਮਧੁਰ ਸੰਗੀਤ ਸੁਣ ਕੇ ਹੀ ਮਨ ਨੂੰ ਰਾਹਤ ਮਿਲਦੀ ਹੈ। ਤੇਜ਼ ਗਤੀ ਵਾਲੇ ਸੰਗੀਤ ਨਾਲ ਸਾਹ ਅਤੇ ਹਿਰਦੇ ਦੀ ਗਤੀ ਤੇਜ਼ ਹੋ ਜਾਂਦੀ ਹੈ। ਮਧੁਰ ਧੁਨਾਂ ਵਾਲੇ ਸੰਗੀਤ ਨਾਲ ਬਲੱਡ ਪ੍ਰੈਸ਼ਰ ਵਿੱਚ ਕਮੀ ਆਉਂਦੀ ਹੈ ਜੋ ਸਿਹਤ ਲਈ ਲਾਭਦਾਇਕ ਹੁੰਦੀ ਹੈ। ❑

ਮੋਤੀ ਵਿਮਲ

# ਗਣਤੰਤਰ ਦਿਵਸ



ਜੀਵਨ ਦਾ ਹੋਵੇ ਇਕ ਮੰਤਰ,ਕਾਇਮ
ਕਾਇਮ ਰਹੇ ਸਾਡਾ ਗਣਤੰਤਰ।

ਗਣਤੰਤਰ ਦਿਵਸ ਨੂੰ ਪਹਿਚਾਣੋ,
ਸਾਰੇ ਇਸ ਦੀ ਮਹੱਤਤਾ ਜਾਣੋ,
ਯਾਦ ਕਰੋ ਕੁਰਬਾਨੀ ਨੂੰ,
ਦੇਸ਼ ਲਈ ਮਿਟੀ ਜਵਾਨੀ ਨੂੰ।
ਅਮਰ ਰਹੇ ਇਹ ਗਣਤੰਤਰ........

ਹਰ ਸਾਲ ਮਨਾਉ ਐਸੇ ਪਰਵ,
ਇਸ ਤੇ ਸਾਰੇ ਕਰੋ ਗਰਵ,
ਘਰ-ਘਰ ਹਰ ਬੱਚਾ ਹਰਸ਼ਾਏ,
ਖੁਸ਼ ਹੋ ਕੇ ਇਹ ਪਰਵ ਮਨਾਏ।
ਤਾਂ ਹੀ ਸਫਲ ਹੋਵੇ ਜਨਤੰਤਰ.......



ਰਾਸ਼ਟਰੀ ਝੰਡੇ ਨੂੰ ਫਹਿਰਾਉ,
ਨੀਲੇ ਅੰਬਰ ਵਿਚ ਲਹਿਰਾਉ,
ਕਰੋ ਸਲਾਮ ਸ਼ਹੀਦਾਂ ਨੂੰ,
ਰਖੋ ਦੂਰ ਵਿਵਾਦਾਂ ਨੂੰ।
ਸੱਚਾ ਹੋਵੇਗਾ ਲੋਕਤੰਤਰ.........

ਰਲਮਿਲ ਕੇ ਕੰਮ ਕਾਰ ਕਰੋ,
ਆਜਾਦੀ ਲਈ ਤਿਆਗ ਕਰੋ,
ਸ਼ਾਂਝੀਵਾਲਤਾ ਸਭ ਅਪਨਾਉ,
ਜ਼ਿੰਮੇਵਾਰੀ ਸਭ ਨਿਭਾਉ।
ਰਾਮ ਰਾਜ ਹੋਏ ਪਰਜਾਤੰਤਰ........

ਕਹਾਣੀ - ਰਵੀ

# ਗਾਲੜੀ ਡੱਡੀ ਅਤੇ ਨੀਲੀ ਮੱਛੀ



ਇਕ ਵੱਡਾ ਜਿਹਾ ਸੁੰਦਰ ਤਾਲਾਬ ਸੀ। ਉਸ ਤਾਲਾਬ ਵਿੱਚ ਕਈ ਕਿਸਮ ਦੇ ਛੋਟੇ-ਵੱਡੇ ਜਲ-ਜੰਤੂ ਰਹਿੰਦੇ ਸਨ। ਉਹਨਾਂ ਜਲਜੰਤੂਆਂ ਵਿੱਚ ਦਾਮੂ ਨਾਮ ਦਾ ਇਕ ਡੱਡੂ ਵੀ ਰਹਿੰਦਾ ਸੀ। ਉਸਦਾ ਪਰਿਵਾਰ ਵੱਡਾ ਸੀ। ਡੱਡੂ ਦੇ ਪਰਿਵਾਰ ਵਿੱਚ ਇਕ ਡੱਡੀ ਸੀ। ਉਸਦਾ ਰੰਗ ਪੀਲਾ ਸੀ। ਉਹ ਬੜੀ ਮੋਟੀ ਸੀ। ਡੱਡੀ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਉਹ ਚੁੱਪ ਬੈਠਣ ਵਾਲਿਆਂ ਵਿਚੋਂ ਨਹੀਂ ਸੀ। ਦਿਨ-ਰਾਤ ਬੋਲਦੀ ਰਹਿੰਦੀ ਸੀ। ਕੋਈ ਉਹਨੂੰ ਟੋਕਦਾ ਤਾਂ ਕਹਿੰਦੀ, ''ਮੈਂ ਜ਼ਿਆਦਾ ਨਹੀਂ ਬੋਲਦੀ। ਮੈਂ ਤਾਂ ਗਾ ਰਹੀ ਹਾਂ।' ਲੇਕਿਨ ਉਸਦਾ ਡ੍ਰਾ...ਊਂ.... ਡ੍ਰਾ......ਊਂ ਦਾ ਸੰਗੀਤ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ ਸੀ। ਸਾਰੇ ਉਸ ਤੋਂ ਪ੍ਰੇਸ਼ਾਨ ਸਨ। ਉਹ ਛੋਟੀ ਸੀ ਤਦ ਤਾਂ ਠੀਕ ਸੀ ਲੇਕਿਨ ਹੁਣ ਤਾਂ ਉਹ ਵੱਡੀ ਹੋ ਗਈ ਸੀ। ਉਹ ਕਿਸੇ ਦੀ ਨਹੀਂ ਸੁਣਦੀ ਸੀ। ਕੋਈ ਉਹਨੂੰ ਸਮਝਾਉਂਦਾ ਤਾਂ ਉਹ ਉਹਨੂੰ ਆੜੇ ਹੱਥੀਂ ਲੈਂਦੀ ਸੀ। ਸਾਰੇ ਥੱਕ ਗਏ ਉਹਨੂੰ ਕਹਿੰਦੇ-ਕਹਿੰਦੇ। ਸਾਰੇ ਉਹਨੂੰ ਗਾਲੜੀ ਕਹਿ ਕੇ ਬੁਲਾਉਂਦੇ ਸਨ। ਉਸਦਾ ਨਾਂ ਹੀ ਡ੍ਰਊਂ ਡੱਡੀ ਪੈ ਗਿਆ ਸੀ। ਉਸਦੀ ਮਾਂ ਨੂੰ ਉਸਦੀ ਚਿੰਤਾ ਰਹਿੰਦੀ ਸੀ। ਲੇਕਿਨ ਉਹ ਵੀ ਕਰੇ ਤਾਂ ਕੀ ਕਰੇ।

ਇਕ ਦਿਨ ਗਾਲੜੀ ਡੱਡੀ ਤਾਲਾਬ ਦੇ ਕਿਨਾਰੇ

ਇੱਕਲੀ ਬੈਠੀ ਸੀ। ਉਹ ਬੈਠੀ-ਬੈਠੀ ਰੋ ਵੀ ਰਹੀ ਸੀ। ਉਸ ਸਮੇਂ ਉਥੋਂ ਇਕ ਨੀਲੀ ਮੱਛੀ ਜਾ ਰਹੀ ਸੀ। ਨੀਲੀ ਮੱਛੀ ਨੇ ਡੱਡੀ ਨੂੰ ਵੇਖਿਆ। ਉਹਨੂੰ ਹੈਰਾਨੀ ਹੋਈ। ਉਹ ਸੋਚਣ ਲੱਗੀ ਕਿ ਇਹ ਕਿਉਂ ਰੋ ਰਹੀ ਹੈ? ਮੱਛੀ ਨੂੰ ਦਯਾ ਆ ਗਈ। ਉਹ ਉਸਦੇ ਕੋਲ ਗਈ ਅਤੇ ਪੁੱਛਿਆ – ਡੱਡੀ ਭੈਣ! ਤੂੰ ਰੋ ਕਿਉਂ ਰਹੀ ਹੈ?

ਆਪਣੇ ਹੰਝੂ ਪੂੰਝਦੀ ਹੋਈ ਸਿਸਕੀਆਂ ਭਰਦੀ ਹੋਈ ਡੱਡੀ ਬੋਲੀ, ''ਮੈਂ ਕੀ ਕਰਾਂ ਮੱਛੀ ਭੈਣ! ਮੈਂ ਬਹੁਤ ਦੁੱਖੀ ਹਾਂ। ਤੂੰ ਆਪਣਾ ਕੰਮ ਕਰ।'' ਕਹਿ ਕੇ ਉਹ ਫਿਰ ਤੋਂ ਰੋਣ ਲੱਗੀ।

ਉਹਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਮੱਛੀ ਬੋਲੀ, '' ਰੋ ਨਾ ਭੈਣ! ਕੁਝ ਕਹਿ, ਬੋਲ ਹੋਇਆ ਕੀ ਹੈ? ਦੱਸ, ਮੈਂ ਤੇਰੀ ਕੀ ਮਦਦ ਕਰ ਸਕਦੀ ਹਾਂ?''

– ਤੂੰ ਕੀ ਮਦਦ ਕਰੇਂਗੀ? ਇਥੇ ਸਾਰੇ ਮੇਰਾ ਮਜਾਕ ਉਡਾਉਂਦੇ ਹਨ। ਮੈਨੂੰ ਗਾਲੜੀ ਕਹਿ ਕੇ ਚਿੜਾਉਂਦੇ ਹਨ। ਮੇਰੇ ਨਾਲ ਕੋਈ ਬੋਲਦਾ ਵੀ ਨਹੀਂ ਹੈ। ਮੈਂ ਕੀ ਕਰਾਂ?

ਨੀਲੀ ਮੱਛੀ ਹੱਸਦੀ ਹੋਈ ਡੱਡੀ ਨੂੰ ਸੀਨੇ ਨਾਲ ਲਗਾਉਂਦੀ ਹੋਈ ਬੋਲੀ– ਬਸ ਐਨੀ ਜਿਹੀ ਗੱਲ ਤੇ ਤੂੰ ਉਦਾਸ ਹੋ ਕੇ ਰੋ ਰਹੀ ਹੈਂ। ਨਾ ਰੋ ਭੈਣ। ਅੱਜ ਤੋਂ ਮੈਂ ਤੇਰੀ ਦੋਸਤ ਹਾਂ। ਅਸੀਂ ਨਾਲ-ਨਾਲ ਰਹਾਂਗੇ, ਖੇਡਾਂਗੇ ਅਤੇ ਮਜਾ ਕਰਾਂਗੇ। ਖੁਸ਼ ! ਹੁਣ ਤਾਂ ਹੱਸ ਦੇ ਭੈਣ।

ਦੋਵੇਂ ਖੁਸ਼ ਹੋ ਕੇ ਹੱਸਣ ਅਤੇ ਖੇਡਣ ਲੱਗੀਆਂ। ਬਹੁਤ ਦੇਰ ਤੈਰਨ ਦੀ ਖੇਡ ਖੇਡੀ। ਹਨ੍ਹੇਰਾ ਹੋਣ ਲੱਗਾ। ਨੀਲੀ ਮੱਛੀ ਬੋਲੀ, ''ਭੈਣ, ਹੁਣ ਮੈਂ ਘਰ ਜਾਣਾ ਹੈ। ਮੇਰੀ ਮੰਮੀ ਰਾਹ ਵੇਖਦੀ ਹੋਵੇਗੀ। ਤੂੰ ਵੀ ਘਰ ਜਾ। ਕੱਲ ਫਿਰ ਮਿਲਾਂਗੇ।'' ਦੋਵੇਂ ਆਪਣੇ-ਆਪਣੇ ਘਰ ਗਈਆਂ। ਹੁਣ ਤਾਂ ਗਾਲੜੀ ਡੱਡੀ ਅਤੇ ਨੀਲੀ ਮੱਛੀ ਰੋਜ ਮਿਲਦੀਆਂ, ਮੌਜ-ਮਸਤੀ ਕਰਦੀਆਂ।

ਇਕ ਦਿਨ ਨੀਲੀ ਮੱਛੀ ਤਾਲਾਬ ਦੇ ਕਿਨਾਰੇ ਡੱਡੀ ਦੀ ਰਾਹ ਵੇਖ ਰਹੀ ਸੀ। ਡੱਡੀ ਕਿਤੇ ਦਿਖਾਈ ਨਹੀਂ ਦੇ ਰਹੀ ਸੀ। ਅਚਾਨਕ ਮੱਛੀ ਦੇ ਪਿਛੇ ਇਕ ਗਿੱਦੜ ਆ ਗਿਆ। ਉਸਨੇ ਮੱਛੀ ਨੂੰ ਵੇਖਿਆ। ਉਹਦੇ ਮੂੰਹ ਵਿੱਚ ਪਾਣੀ ਆ ਗਿਆ। ਮੱਛੀ ਨੂੰ ਵੇਖ ਕੇ ਉਹ ਖੁਸ਼ ਹੋ ਗਿਆ। ਉਹ ਹੌਲੀ-ਹੌਲੀ ਮੱਛੀ ਵੱਲ ਵੱਧਣ ਲੱਗਾ। ਗਿੱਦੜ ਮੱਛੀ ਨੂੰ ਫੜਨ ਹੀ ਵਾਲਾ ਸੀ ਕਿ ਠੀਕ ਉਸੇ ਸਮੇਂ ਆਉਂਦੀ ਹੋਈ ਡੱਡੀ ਨੇ ਉਹਨੂੰ ਵੇਖ ਲਿਆ। ਉਸਨੇ ਗਿੱਦੜ ਦੀ ਮੰਸਾ ਜਾਣ ਲਈ। ਮੱਛੀ ਨੂੰ ਬੁਲਾਉਣ ਅਤੇ ਦੱਸਣ ਦਾ ਸਮਾਂ ਨਹੀਂ ਸੀ। ਉਸਨੇ ਬੜੇ ਭਰੇ ਗਲੇ ਅਤੇ ਜੋਰ ਨਾਲ ਮੋਟੀ ਆਵਾਜ਼ ਕੱਢੀ – ਡ੍ਰਾ...ਊਂ....।

ਅਚਾਨਕ ਮੋਟੀ ਆਵਾਜ਼ ਸੁਣ ਕੇ ਗਿੱਦੜ ਘਬਰਾ ਗਿਆ। ਉਹ ਵਾਪਸ ਮੁੜ ਗਿਆ। ਉਸ ਸਮੇਂ ਦਾ ਫਾਇਦਾ ਚੁਕਦੇ ਹੋਏ ਡੱਡੀ ਆਪਣੀ ਮਿੱਤਰ ਨੂੰ ਪਾਣੀ ਦੇ ਅੰਦਰ ਧੱਕ ਕੇ ਲੈ ਗਈ।

– ਕੀ ਗੱਲ ਹੈ, ਤੂੰ ਮੈਨੂੰ ਕਿਉਂ ਧੱਕਿਆ? – ਮੱਛੀ ਨੇ ਘਬਰਾ ਕੇ ਪੁੱਛਿਆ।

ਡੱਡੀ ਨੇ ਗਿੱਦੜ ਦੀ ਗੱਲ ਦੱਸੀ। ਸੁਣ ਕੇ ਮੱਛੀ ਡੱਡੀ ਨੂੰ ਗਲੇ ਲਗਾ ਕੇ ਬੋਲੀ– ਸ਼ੁਕਰੀਆ ਮੇਰੀ ਚੰਗੀ ਦੋਸਤ। ਤੂੰ ਮੈਨੂੰ ਬਚਾਇਆ ਹੈ।

ਇਸ ਵਿੱਚ ਸ਼ੁਕਰੀਆ ਦੀ ਕੀ ਗੱਲ ਹੈ। ਦੋਸਤੀ ਵਿੱਚ ਸ਼ੁਕਰੀਆ ਨਹੀਂ ਕਹਿੰਦੇ। ਇਕ-ਦੂਜੇ ਦੀ ਮਦਦ ਕਰਨਾ ਸਾਡਾ ਫਰਜ ਹੈ। ਸਾਨੂੰ ਇਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ।

ਇਹ ਦ੍ਰਿਸ਼ ਕਈ ਮੱਛੀਆਂ ਅਤੇ ਡੱਡੂਆਂ ਨੇ ਵੇਖਿਆ। ਉਹਨਾਂ ਨੇ ਖੁਸ਼ ਹੋ ਕੇ ਦੋਹਾਂ ਦਾ ਸਨਮਾਨ ਕੀਤਾ।



ਵਿਸ਼ੇਸ਼ ਲੇਖ : ਰਾਜਕੁਮਾਰ ਜੈਨ



# ਸੁਆਦ ਅਤੇ ਸਿਹਤ ਦਾ ਸੰਗਮ ਸ਼ਹਿਦ

ਸ਼ਹਿਦ ਸੰਸਾਰ ਵਿੱਚ ਜਾਣੀ-ਪਛਾਣੀ ਵਸਤੂ ਹੈ। ਸੰਸਾਰ ਦੀ ਸਾਰੀ ਮਾਨਵ ਜਾਤੀ ਨੇ ਸ਼ਹਿਦ ਨੂੰ ਆਪਣੇ ਜੀਵਨ ਦਾ ਅੰਗ ਮੰਨਿਆ ਹੈ। ਚੀਨੀ, ਮਿਸ਼ਰੀ, ਬੇਵੀਲੋਨੀ, ਹਿਬਰੂ, ਗ੍ਰੀਕ, ਈਸਾਈ ਅਤੇ ਬੋਧ ਆਦਿ ਸ਼ਹਿਦ ਨੂੰ ਪਵਿੱਤਰ ਪਦਾਰਥ ਦੇ ਰੂਪ ਵਿੱਚ ਮੰਨਦੇ ਹਨ।

ਮਧੂਮੱਖੀਆਂ ਫੁੱਲਾਂ ਵਿਚੋਂ ਇਕ ਪ੍ਰਕਾਰ ਦਾ ਮਿੱਠਾ ਰਸ ਇੱਕਠਾ ਕਰਦੀਆਂ ਹਨ। ਇਸ ਰਸ ਨੂੰ ਮਕਰੰਦ ਕਹਿੰਦੇ ਹਨ। ਮਧੂਮੱਖੀਆਂ ਜੀਭ ਨਾਲ ਮਕਰੰਦ ਉਠਾਉਂਦੀਆਂ ਹਨ ਅਤੇ ਆਪਣੇ ਸ਼ਹਿਦ ਪੇਟ ਵਿੱਚ ਇੱਕਠਾ ਕਰਦੀਆਂ ਹਨ। ਇਸਦੇ ਬਾਦ ਆਪਣੇ ਛੱਤੇ ਵਿੱਚ ਬੈਠੀਆਂ ਬਾਕੀ ਮਧੂਮੱਖੀਆਂ ਨੂੰ ਸੌਂਪ ਦਿੰਦੀਆਂ ਹਨ ਅਤੇ ਤੁਰੰਤ ਹੀ ਮਕਰੰਦ ਲਿਆਉਣ ਚਲੀਆਂ ਜਾਂਦੀਆਂ ਹਨ। ਛੱਤੇ ਦੀਆਂ ਮੱਧੂਮੱਖੀਆਂ ਮਕਰੰਦ ਨੂੰ ਛੋਟੀਆਂ-ਛੋਟੀਆਂ ਕੋਠਰੀਆਂ ਵਿੱਚ ਰੱਖਣ ਵਿੱਚ ਰੁੱਝੀਆਂ ਰਹਿੰਦੀਆਂ ਹਨ। ਉਹਨਾਂ ਦੀਆਂ ਖਾਸ ਗ੍ਰੰਥੀਆਂ ਤੋਂ ਨਿਕਲਣ ਵਾਲਾ ਦ੍ਰਵ ਮਕਰੰਦ ਵਿੱਚ ਮਿਲਦਾ ਰਹਿੰਦਾ ਹੈ। ਉਹ ਛੱਤੇ ਵਿੱਚ ਵੜ ਕੇ ਇਕ-ਇਕ ਬੂੰਦ ਰਸ ਲੈ ਕੇ ਆਪਣੇ ਮੂੰਹ ਵਿੱਚ ਰੱਖਦੀਆਂ ਹਨ ਅਤੇ ਉਹਨੂੰ ਆਪਣੇ ਪੇਟ ਵਿੱਚ ਲੈ ਜਾਂਦੀਆਂ ਹਨ, ਫਿਰ ਬਾਹਰ ਨਿਕਲਦੀਆਂ ਹਨ ਅਤੇ ਇਸੇ ਪ੍ਰਕ੍ਰਿਆ ਨੂੰ ਕਈ ਵਾਰ ਦੁਹਰਾਉਂਦੀਆਂ ਹਨ। ਇਸ ਤਰ੍ਹਾਂ ਉਹਨਾਂ ਦਾ ਕਾਰਜ ਜਾਰੀ ਰਹਿੰਦਾ ਹੈ ਅਤੇ ਉਹ ਬਹੁਤ ਹੀ ਮਿਹਨਤ ਨਾਲ ਪੁਸ਼ਪ ਰਸ ਇੱਕਠਾ ਕਰਦੀਆਂ ਹਨ।

ਅਮਰੀਕੀ ਵਿਗਿਆਨਕ ਡਾ: ਏ.ਵੀ. ਸਟੂਅਰਟਰਵੇਂਟ ਨੇ ਸ਼ਹਿਦ ਦੇ ਗੁਣਾਂ ਅਤੇ ਰੋਗ-ਨਿਵਾਰਕ ਯੋਗਤਾਵਾਂ ਤੇ ਲੰਮੇ ਸਮੇਂ ਤਕ ਖੋਜ ਕੀਤੀ। ਉਹਨਾਂ ਦਾ ਨਤੀਜਾ ਹੈ ਕਿ ਸ਼ਹਿਦ ਅਦਭੁਤ ਟਾਨਿਕ ਹੈ ਅਤੇ ਆਪਣੇ ਅੰਦਰ ਜਬਰਦਸਤ ਰੋਗ ਨਿਵਾਰਕ ਗੁਣ ਸਮਾਏ ਹੋਏ ਹੈ। ਉਹਨਾਂ ਨੇ ਦੱਸਿਆ ਕਿ ਪੁਰਾਣੇ ਸਾਹ-ਰੋਗ ਅਤੇ ਦਸਤ ਵਿੱਚ ਪਾਣੇ ਜਾਣ ਵਾਲੇ ਰੋਗਾਣੂ ਸ਼ਹਿਦ ਵਿੱਚ ਰੱਖਣ ਨਾਲ 48 ਘੰਟਿਆਂ ਵਿੱਚ ਮਰ ਗਏ। ਜਦ ਉਹਨਾਂ ਨੇ ਸ਼ਹਿਦ ਵਿੱਚ ਟਾਈਫਾਈਡ ਦੇ ਰੋਗਾਣੂ ਰੱਖੇ ਤਾਂ 120 ਘੰਟੇ ਵਿੱਚ ਉਹ ਨਸ਼ਟ ਹੋ ਗਏ। ਇਸਦੀ ਵਜ੍ਹਾ ਸ਼ਹਿਦ ਦੀ ਉਹ ਤਾਕਤ ਹੈ ਜਿਸ ਵਜ੍ਹਾ ਨਾਲ ਸ਼ਹਿਦ ਆਸ-ਪਾਸ ਦੇ ਵਾਤਾਵਰਣ ਤੋਂ ਨਮੀ ਸੋਖ ਲੈਂਦਾ ਹੈ।

ਸ਼ਹਿਦ ਵਿੱਚ 17 ਪ੍ਰਤੀਸ਼ਤ ਤੋਂ 23 ਪ੍ਰਤੀਸ਼ਤ ਤਕ ਜਲ, ਅੰਗੂਰਾਂ ਦੀ ਸ਼ੱਕਰ ਅਤੇ ਫਲਾਂ ਦੀ ਸ਼ੱਕਰ 65 ਪ੍ਰਤੀਸ਼ਤ ਤਕ ਹੁੰਦੀ ਹੈ। ਬਾਕੀ ਪ੍ਰਤੀਸ਼ਤ ਵਿੱਚ ਧਾਤੂਆਂ-ਪੋਟੇਸ਼ੀਅਮ, ਗੰਧਕ, ਕੈਲਸ਼ੀਅਮ, ਸੋਡੀਅਮ, ਫਾਸਫੋਰਸ, ਮੈਗਨੀਸ਼ੀਅਮ, ਸਿਲੀਕਾ, ਲੋਹਾ, ਤਾਬਾ, ਮੈਗਨੀਜ ਗਲੂਕੋਨਿਕ ਏਸਿਡ, ਲੈਕਟਿਕ ਏਸਿਡ ਅਤੇ ਮੌਲਿਕ ਏਸਿਡ ਆਦਿ ਹੁੰਦੇ ਹਨ। ਇਸਦੇ ਇਲਾਵਾ ਤਕਰੀਬਨ ਇਕ ਪ੍ਰਤੀਸ਼ਤ ਇਨਜਾਈਮਸ ਅਤੇ ਵਿਟਾਮਿਨ ਵੀ ਹੁੰਦੇ ਹਨ।

ਵਾਲਾਂ ਅਤੇ ਚਮੜੀ ਦੀ ਸੁੰਦਰਤਾ ਅਤੇ ਕਠੋਰਤਾ ਲਈ ਤਾਂ ਸ਼ਹਿਦ ਬਹੁਤ ਹੀ ਉਪਯੋਗੀ ਹੈ, ਚਮੜੀ ਰੋਗਾਂ ਲਈ ਵੀ ਘੱਟ ਮਹੱਤਵਪੂਰਣ ਨਹੀਂ ਹੈ। ਚਮੜੀ-ਰੋਗ ਅਤੇ ਫੋੜੇ-ਫਿੰਨਸੀਆਂ ਚਾਹੇ ਕਿੰਨੇ ਵੀ ਫੈਲੇ ਅਤੇ ਗੰਭੀਰ ਅਵਸਥਾ ਵਿੱਚ ਹੋਣ, ਸ਼ਹਿਦ ਦਾ

ਲੇਪ ਕਰਨ ਨਾਲ ਛੇਤੀ ਹੀ ਸੁਕਣ ਲੱਗਣਗੇ। ਪੀਕ ਵੀ ਆਸਾਨੀ ਨਾਲ ਨਿਕਲ ਜਾਏਗੀ।

ਥਕਾਨ ਦੇ ਵਕਤ ਅਗਰ ਸ਼ਹਿਦ ਦਾ ਉਪਯੋਗ ਕੀਤਾ ਜਾਏ ਤਾਂ ਰਾਹਤ ਮਿਲੇਗੀ। ਤਾਜਗੀ ਅਤੇ ਚੁਸਤੀ ਮਹਿਸੂਸ ਹੋਏਗੀ। ਸ਼ਹਿਦ ਤੋਂ ਪ੍ਰਾਪਤ ਸ਼ਕਤੀ ਕਾਫੀ ਸਮੇਂ ਤਕ ਸਰੀਰ ਵਿੱਚ ਮੌਜੂਦ ਰਹਿੰਦੀ ਹੈ। ਸ਼ਹਿਦ ਵਿੱਚ ਅਦਭੁਤ ਗੁਣ ਇਹ ਹੈ ਕਿ ਇਹ ਕਦੇ ਖਰਾਬ ਨਹੀਂ ਹੁੰਦਾ। ਹਰਦਮ ਉਪਯੋਗੀ ਬਣਿਆ ਰਹਿੰਦਾ ਹੈ।

ਸ਼ਾਇਦ ਵਿੱਚ ਸੜਾਂਦ ਪੈਦਾ ਨਹੀਂ ਹੁੰਦੀ ਅਤੇ ਇਹ ਸਰੀਰ ਵਿੱਚ ਹੋਣ ਵਾਲੀ ਸੜਾਂਦ ਨੂੰ ਰੋਕਦਾ ਹੈ। 1923 ਈ: ਵਿੱਚ ਮਿਸਰ ਵਿੱਚ ਰੂਸੀ ਵਿਗਿਆਨਕਾਂ ਨੂੰ ਸ਼ਹਿਦ ਨਾਲ ਭਰਿਆ ਹੋਇਆ ਬਰਤਨ ਮਿਲਿਆ। ਸਚਮੁਚ ਇਹ ਹੈਰਾਨ ਕਰਨ ਵਾਲੀ ਗੱਲ ਸੀ ਕਿ 3300 ਸਾਲ ਪੁਰਾਣਾ ਹੋਣ ਦੇ ਬਾਵਜੂਦ ਇਹ ਖਰਾਬ ਨਹੀਂ ਹੋਇਆ ਸੀ। ਉਸਦੇ ਸਵਾਦ ਅਤੇ ਗੁਣ ਵਿੱਚ ਕੋਈ ਫਰਕ ਨਹੀਂ ਆਇਆ ਸੀ।

ਆਓ, ਹੁਣ ਸ਼ਹਿਦ ਦੇ ਕੁਝ ਉਪਯੋਗਾਂ ਦੇ ਬਾਰੇ ਜਾਣਕਾਰੀ ਦਿੰਦੇ ਹਾਂ –

– ਅਗਰ ਆਪ ਨੂੰ ਕਾਲੀ ਖੰਘ ਦੀ ਸ਼ਿਕਾਇਤ ਹੈ ਤਾਂ ਇਕ-ਦੋ ਬਾਦਾਮ ਛਿਲਕਾ ਉਤਾਰ ਕੇ ਰਗੜ ਲਓ ਅਤੇ ਉਸ ਵਿੱਚ ਸ਼ਹਿਦ ਮਿਲਾ ਕੇ ਚੱਟੋ। ਖੰਘ ਮਿਟ ਜਾਏਗੀ।

– ਸ਼ਹਿਦ ਦੀ ਮੱਖੀ ਦੇ ਕੱਟੇ ਹੋਏ ਸਥਾਨ ਤੇ ਸ਼ੁਧ ਸ਼ਹਿਦ ਲਗਾਓ। ਇਸ ਨਾਲ ਜਲਨ ਘੱਟ ਹੋਵੇਗੀ ਅਤੇ ਸੂਜਨ ਵੀ ਨਹੀਂ ਆਏਗੀ।





– ਪੇਟ ਵਿੱਚ ਦਰਦ ਹੋਣ ਤੇ ਇਕ ਵੱਡੀ ਇਲਾਇਚੀ ਨੂੰ ਪੀਸ ਕੇ ਇਕ ਚਮਚ ਸ਼ਹਿਦ ਮਿਲਾ ਕੇ ਪੀਣ ਨਾਲ ਦਰਦ ਖਤਮ ਹੋ ਜਾਂਦਾ ਹੈ।

– ਗਰਮ ਪਾਣੀ ਵਿੱਚ ਸ਼ਹਿਦ ਮਿਲਾ ਕੇ ਦਿਨ ਵਿੱਚ ਤਿੰਨ-ਚਾਰ ਵਾਰ ਵਰਤੋਂ ਕਰਨ ਨਾਲ ਜ਼ੁਕਾਮ ਠੀਕ ਹੋ ਜਾਂਦਾ ਹੈ।

– ਹਿਚਕੀ ਅਗਰ ਲਗਾਤਾਰ ਆ ਰਹੀ ਹੈ, ਤਾਂ ਸ਼ਹਿਦ ਚੱਟੋ।

– ਸਰੀਰ ਦੇ ਕਿਸੇ ਹਿੱਸੇ ਦੇ ਸੜ ਜਾਣ ਤੇ ਉਥੇ ਸ਼ਹਿਦ ਲਗਾਉਣ ਨਾਲ ਆਰਾਮ ਮਿਲੇਗਾ।

– ਆਪ ਨੂੰ ਕਬਜ ਦੀ ਸ਼ਿਕਾਇਤ ਹੈ ਤਾਂ ਹਫ਼ਤਾਭਰ ਤਕ ਇਕ ਗਿਲਾਸ ਪਾਣੀ ਵਿੱਚ ਨਿੰਬੂ ਦਾ ਰਸ ਅਤੇ ਸ਼ਹਿਦ ਮਿਲਾ ਕੇ ਦਿਨ ਵਿੱਚ ਦੋ ਵਾਰ ਪੀ ਲਉ। ਕਬਜ਼ ਮਿਟ ਜਾਏਗੀ।

– ਆਮ ਤੌਰ ਤੇ ਨੇਤਰ ਵਿਕਾਰ ਅਤੇ ਨੇਤਰਾਂ ਦੀ ਵੇਦਨਾ, ਨੇਤਰਾਂ ਵਿੱਚ ਸ਼ਹਿਦ ਪਾਉਣ ਨਾਲ ਠੀਕ ਹੋ ਜਾਂਦੀ ਹੈ ਅਤੇ ਨੇਤਰ ਜੋਤੀ ਵੱਧਦੀ ਹੈ।

– ਇਕ ਤੋਲਾ ਸ਼ਹਿਦ ਦਿਨ ਵਿੱਚ ਤਿੰਨ ਤੋਂ ਚਾਰ ਵਾਰ ਲੈਣ ਨਾਲ ਛਾਤੀ ਤੇ ਜੰਮਿਆ ਕਫ ਗਲ ਕੇ ਬਾਹਰ ਆ ਜਾਂਦਾ ਹੈ।

– ਚਿਹਰੇ ਦੀ ਖ਼ੂਬਸੂਰਤੀ ਅਤੇ ਚਮੜੀ ਨੂੰ ਕੋਮਲ ਬਣਾਉਣ ਲਈ ਰਾਤ ਨੂੰ ਸੌਣ ਤੋਂ ਪਹਿਲਾ ਚਿਹਰੇ ਤੇ ਹਲਕਾ ਸ਼ਹਿਦ ਮਸਲ ਲਉ। ਇਕ ਹਫਤੇ ਦੇ ਪ੍ਰਯੋਗ ਨਾਲ ਚਿਹਰਾ ਚਮਕ ਉਠੇਗਾ।

# ਹਾਸਾ ਖੇਡਾ

ਇਕ ਬੱਚਾ ਹਸਤਪਤਾਲ ਵਿੱਚ ਜਨਮ ਲੈਂਦੇ ਹੀ ਬੋਲਿਆ

– ਨਰਸ, ਤੁਹਾਡੇ ਕੋਲ ਮੋਬਾਇਲ ਹੈ।

ਨਰਸ : ਹਾਂ ਹੈ, ਕੀ ਕਰੋਗੇ?

ਬੱਚਾ : ਉਪਰ ਵਾਲੇ ਨੂੰ ਫੋਨ ਕਰਾਂਗਾ ਕਿ ਮੈਂ ਸਹੀ ਸਲਾਮਤ ਪਹੁੰਚ ਗਿਆ ਹਾਂ

........

ਮਾਂ : (ਰੋਹਿਤ ਨੂੰ) ਉਠ ਜਾ ਆਲਸੀ, ਸੂਰਜ ਕਦੋਂ ਦਾ ਨਿਕਲ ਆਇਆ ਹੈ।

ਰੋਹਿਤ : ਤਾਂ ਕੀ ਹੋਇਆ ਮਾਂ, ਉਹ ਸੌਂਦਾ ਵੀ ਮੇਰੇ ਤੋਂ ਪਹਿਲਾਂ ਹੈ।

........

ਗ੍ਰਾਹਕ : ਕੋਈ ਵਧੀਆ ਜਿਹਾ ਕਪੜਾ ਵਿਖਾਉ।

ਦੁਕਾਨਦਾਰ : ਪਲੇਨ ਵਿੱਚ ਦਿਖਾਵਾਂ ?

ਗ੍ਰਾਹਕ : 'ਪਲੇਨ' ਵਿੱਚ ਜਾਣ ਦੀ ਕੀ ਲੋੜ ਹੈ? ਇਥੇ ਦੁਕਾਨ ਵਿੱਚ ਹੀ ਦਿਖਾ ਦਿਉ।



........

ਪਤਨੀ : ਮੈਨੂੰ ਇਸ ਭਿਖਾਰੀ ਤੋਂ ਸਖਤ ਨਫ਼ਰਤ ਹੈ।

ਪਤੀ : ਕਿਉਂ?

ਪਤਨੀ : ਮੈਂ ਇਕ ਵਾਰ ਦਯਾ ਕਰਕੇ ਉਹਨੂੰ ਖਾਣਾ ਖੁਆਇਆ ਸੀ। ਉਹ ਦੂਸਰੇ ਦਿਨ ਮੈਨੂੰ ਇਕ ਕਿਤਾਬ ਗਿਫਟ ਕਰ ਗਿਆ– 'ਖਾਣਾ ਕਿਵੇਂ ਬਣਾਈਏ?'

– ਵਿਕਾਸ ਕੁਮਾਰ

ਮਾਂਟੂ : (ਪਿਤਾ ਨੂੰ) ਪਿਤਾ ਜੀ, ਦਰਵਾਜੇ ਤੇ ਲੋਕ ਸਵਿਮਿੰਗਪੂਲ ਲਈ ਚੰਦਾ ਮੰਗ ਰਹੇ ਹਨ?

ਪਿਤਾ : ਬੇਟਾ, ਕੋਈ ਗੱਲ ਨਹੀਂ। ਉਹਨਾਂ ਨੂੰ ਇਕ ਬਾਲਟੀ ਪਾਣੀ ਦੇ ਦਿਉ।



........

ਇਕ ਚੋਰ ਨੇ ਕਿਸੇ ਦੇ ਘਰ ਦਾ ਦਰਵਾਜਾ ਖੜਕਾਇਆ। ਘਰਵਾਲੇ ਨੇ ਉਠ ਕੇ ਦਰਵਾਜਾ ਖੋਲ੍ਹਿਆ ਤਾਂ ਚੋਰ ਬੋਲਿਆ – ਸੋਣਾ ਕਿਥੇ ਹੈ?

ਘਰਵਾਲਾ ਬੋਲਿਆ – ਪੂਰਾ ਘਰ ਖਾਲੀ ਹੈ ਭਾਈ। ਜਿਥੇ ਚਾਹੋ ਉਥੇ ਸੌਂ ਜਾਉ।

......

ਪਾਰਥ : (ਦੀਦੀ ਨੂੰ) ਦੀਦੀ ਤੂੰ ਰਸ ਨਾਲ ਮਲਾਈ ਕਿਉਂ ਖਾ ਰਹੀ ਹੈਂ?

ਦੀਦੀ : ਕਿਉਂਕਿ ਮੇਰਾ ਰਸਮਲਾਈ ਦਾ ਦਿਲ ਕਰ ਰਿਹਾ ਸੀ।

......

ਅਧਿਆਪਕ : (ਪਾਰਥ ਨੂੰ) ਉਮੀਦਵਾਰ ਕਿਸਨੂੰ ਕਹਿੰਦੇ ਹਨ?

ਪਾਰਥ : ਸਰ, ਜਿਸ ਦੇ ਆਉਣ ਦੀ ਉਮੀਦ ਵਾਰ-ਵਾਰ ਕੀਤੀ ਜਾਵੇ ਅਤੇ ਜੋ ਫਿਰ ਵੀ ਨਾ ਆਏ ਉਸ ਨੂੰ ਉਮੀਦਵਾਰ ਕਹਿੰਦੇ ਹਨ।

– ਰਜਿਤ

ਨਦੀ ਵਿੱਚ ਨਹਾਉਣ ਲਈ
ਜਾਂਦੇ ਹੋਏ ਹਾਥੀ ਦਾ ਪੈਰ
ਕੀੜੀਆਂ ਤੇ ਪੈ ਗਿਆ।
ਇਸ ਤੇ ਦੋ-ਤਿੰਨ ਕੀੜੀਆਂ
ਗੁੱਸੇ ਵਿੱਚ ਆ ਕੇ ਉਸ
ਹਾਥੀ ਤੇ ਚੜ ਗਈਆਂ
ਰਾਣੀ ਕੀੜੀ ਨੇ ਉਹਨਾਂ
ਕੀੜੀਆਂ ਨੂੰ ਚਿੱਲਾ ਕੇ ਕਿਹਾ –
ਇਸ ਹਾਥੀ ਨੂੰ ਡੁਬੋ-ਡੁਬੋ ਕੇ ਮਾਰੋ,
ਡੁਬੋ-ਡੁਬੋ ਕੇ।



.............

ਰੇਸ ਵੇਖਦੇ ਹੋਏ ਗੋਲੂ ਨੇ ਰਾਕੇਸ਼ ਨੂੰ ਕਿਹਾ –
ਇਨਾਮ ਕਿਸ ਨੂੰ ਮਿਲੇਗਾ?
ਰਾਕੇਸ਼ : ਸਭ ਤੋਂ ਅਗੇ ਵਾਲੇ ਨੂੰ।
ਗੋਲੂ : ਤਾਂ ਫਿਰ ਪਿਛੇ ਵਾਲੇ ਕਿਉਂ ਭੱਜ ਰਹੇ ਹਨ?

.............

ਇਕ ਮੋਟੀ ਔਰਤ ਨੇ ਇਕ ਚੋਰ ਨੂੰ ਫੜਿਆ ਅਤੇ ਉਸ ਦੇ ਉਪਰ ਬੈਠ ਗਈ। ਫਿਰ ਆਪਣੇ ਨੌਕਰ ਨੂੰ ਬੋਲੀ – ਜਾ ਪੁਲਿਸ ਨੂੰ ਬੁਲਾ ਲਿਆ।
ਨੌਕਰ ਬੋਲਿਆ – ਮੇਰੀ ਚੱਪਲ ਗਵਾਚ ਗਈ ਹੈ।
ਚੋਰ ਚਿਲਾਇਆ – ਮੇਰੀ ਪਾ ਲੈ ਪਰ ਜਲਦੀ ਜਾ ਵਰਨਾ ਮੈਂ ਦਬ ਕੇ ਹੀ ਮਰ ਜਾਵਾਂਗਾ।

.............

ਨੇਤਾ ਜੀ ਨੇ ਆਪਣੇ ਭਾਸ਼ਣ ਦੇ ਦੌਰਾਨ ਕਿਹਾ- ਸਾਨੂੰ ਆਪਣੇ ਪੈਰਾਂ ਤੇ ਖੜੇ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਐਨਾ ਸੁਣਦਿਆਂ ਹੀ ਭੀੜ ਵਿਚੋਂ ਇਕ ਔਰਤ ਤੁਰੰਤ ਖੜੀ ਹੋਈ ਅਤੇ ਚਿਲਾ ਕੇ ਬੋਲੀ- ਮੈਂ ਤਾਂ ਬਹੁਤ ਦੇਰ ਤੋਂ ਕੋਸ਼ਿਸ਼ ਕਰ ਰਹੀ ਹਾਂ ਪਰ ਇਹ ਪੁਲਿਸ ਵਾਲਾ ਵਾਰ-ਵਾਰ ਬੈਠਾ ਦਿੰਦਾ ਹੈ।

ਗੁਰਚਰਣ ਆਨੰਦ

ਮੋਟਾ ਵਿਅਕਤੀ : (ਡਾਕਟਰ ਸਾਹਿਬ) ਮੇਰਾ ਵਜਨ ਕਿਵੇਂ ਘੱਟ ਹੋਵੇਗਾ?
ਡਾਕਟਰ : ਆਪਣੀ ਗਰਦਨ ਨੂੰ ਸੱਜੇ-ਖੱਬੇ ਹਿਲਾਉ।
ਵਿਅਕਤੀ : ਕਿਸ ਸਮੇਂ?
ਡਾਕਟਰ : ਜਦ ਕੋਈ ਤੁਹਾਨੂੰ ਖਾਣ ਲਈ ਕਹੇ।

.............

ਨੌਕਰ : ਸਾਹਬ, ਮੇਰੀ ਦੂਰ ਦੀ ਨਿਗ੍ਹਾ ਖਰਾਬ ਹੋ ਗਈ ਹੈ। ਮੈਨੂੰ ਚਸ਼ਮਾ ਬਣਵਾ ਦਿਉ।
ਮਾਲਿਕ : ਚਲ ਮੇਰੇ ਨਾਲ.. ਉਹ ਵੇਖ ਅਸਮਾਨ ਵਿੱਚ ਕੀ ਹੈ?
ਨੌਕਰ : ਉਹ ਤਾਂ ਸੂਰਜ ਹੈ।
ਮਾਲਿਕ : ਤੇਰੀ ਨਜ਼ਰ ਤਾਂ ਠੀਕ ਹੈ ਹੋਰ ਕਿੰਨੀ ਦੂਰ ਤਕ ਵੇਖਣਾ ਚਾਹੁੰਦਾ ਹੈ।



........

ਇਕ ਵਿਅਕਤੀ ਆਪਣੇ ਦੋਸਤ ਨੂੰ ਬੋਲਿਆ –
ਕੋਈ ਅਜਿਹੀ ਚੀਜ਼ ਦੱਸੋ ਜੋ ਬ੍ਰੇਕਫਾਸਟ ਵਿੱਚ ਨਹੀਂ ਖਾਧੀ ਜਾ ਸਕਦੀ।
ਦੋਸਤ : 'ਇਕ' ਕੀ ਮੈਂ 'ਦੋ' ਦੱਸਦਾ ਹਾਂ।
ਵਿਅਕਤੀ : ਠੀਕ ਹੈ, ਦੋ ਦੱਸੋ।
ਦੋਸਤ : 'ਲੰਚ' ਅਤੇ 'ਡਿਨਰ'।

– ਨੇਹਾ ਗਿਦਵਾਨੀ

ਆਲੇਖ : ਡਾ: ਵਿਨੋਦ ਗੁਪਤਾ

# ਗੋਰੀਲਾ

ਕੁਝ ਜਾਨਵਰਾਂ ਦੀਆਂ ਪ੍ਰਜਾਤੀਆਂ ਮਾਨਵ ਨਾਲ ਮਿਲਦੀਆਂ-ਜੁਲਦੀਆਂ ਹਨ। ਇਹਨਾਂ ਵਿਚੋਂ ਇਕ ਹੈ ਗੋਰੀਲਾ। ਬਿਨਾ ਪੂਛ ਵਾਲੇ ਇਹ ਬਾਂਦਰ ਐਂਥ੍ਰੋਪੋਈਡ ਵਰਗ ਵਿੱਚ ਆਉਂਦੇ ਹਨ। ਏਸ਼ੀਆ ਅਤੇ ਅਫਰੀਕਾ ਦੇ ਘਣੇ ਜੰਗਲਾਂ ਵਿੱਚ ਇਹ ਪਾਏ ਜਾਂਦੇ ਹਨ।

ਕੱਦ ਵਿੱਚ ਗੋਰੀਲਾ ਆਦਮੀ ਦੇ ਬਰਾਬਰ ਹੁੰਦਾ ਹੈ ਪਰ ਵਜਨ ਵਿੱਚ ਇਹ ਇਨਸਾਨ ਤੋਂ ਭਾਰੀ ਹੁੰਦੇ ਹਨ। ਕਾਲੀ ਚਮੜੀ ਵਾਲੇ ਇਹ ਗੋਰੀਲੇ ਸਮਾਜਿਕ ਹੁੰਦੇ ਹਨ ਅਤੇ ਝੁੰਡਾਂ ਵਿੱਚ ਰਹਿੰਦੇ ਹਨ। ਬਾਲ-ਉਮਰ ਵਿੱਚ ਬੱਚੇ ਆਪਣੇ ਮਾਂ-ਬਾਪ ਦੇ ਕੋਲ ਹੀ ਰਹਿੰਦੇ ਹਨ। ਮਾਤਾ-ਪਿਤਾ ਇਹਨਾਂ ਨੂੰ ਰੁੱਖਾਂ ਤੇ ਸਵਾਉਂਦੇ ਹਨ ਅਤੇ ਖੁਦ ਜਮੀਨ ਤੇ। ਸ਼ਾਂਤ ਸੁਭਾਅ ਵਾਲਾ ਗੋਰੀਲਾ ਛੇੜਨ ਤੇ ਹਿੰਸਕ ਹੋ ਜਾਂਦਾ ਹੈ ਅਤੇ ਮੂੰਹ ਵਿਚੋਂ ਢੋਲ ਵਾਂਗ ਆਵਾਜ਼ ਕੱਢਣ ਲੱਗਦਾ ਹੈ।

ਗੋਰੀਲਾ ਵੀ ਦੁਰਲਭ ਜੀਵ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਹੌਲੀ-ਹੌਲੀ ਇਹਨਾਂ ਦੀ ਗਿਣਤੀ ਘੱਟ ਹੋ ਰਹੀ ਹੈ। ਇਹਨਾਂ ਨੂੰ ਸੁਰੱਖਿਅਤ ਰੱਖਣ ਦੇ ਹਰ ਸੰਭਵ ਉਪਾਅ ਕੀਤੇ ਜਾ ਰਹੇ ਹਨ। ਗੋਰੀਲਾ ਜਦ ਤਕ ਛੋਟੇ ਹੁੰਦੇ ਹਨ, ਉਹ ਕੀੜੇ-ਮਕੌੜੇ, ਆਂਡੇ, ਪੱਤੀਆਂ ਆਦਿ ਖਾਂਦੇ ਹਨ ਲੇਕਿਨ ਵੱਡੇ ਹੋਣ ਤੇ ਉਹ ਪੂਰੀ ਤਰ੍ਹਾਂ ਸ਼ਾਕਾਹਾਰੀ ਹੋ ਜਾਂਦੇ ਹਨ।

ਪੂਰਬੀ ਜਾਇਰੇ ਅਤੇ ਦੱਖਣ ਪੱਛਮ ਯੁਗਾਂਡਾ ਦੇ ਹੇਠਲੇ ਜੰਗਲਾਂ ਵਿੱਚ ਨਰ ਗੋਰੀਲਾ ਦੀ ਲੰਬਾਈ 5 ਫੁੱਟ 9 ਇੰਚ ਅਤੇ ਵਜਨ 165 ਕਿਲੋਗ੍ਰਾਮ ਹੁੰਦਾ ਹੈ। ਦੱਖਣ-ਪੱਛਮ ਯੁਗਾਂਡਾ ਅਤੇ ਪੂਰਬੀ ਜਾਇਰੇ ਦੇ ਜਵਾਲਾਮੁਖੀ ਪਰਬਤ ਲੜੀ ਦੇ ਪਰਬਤੀ ਗੋਰੀਲਾ ਦੀ ਲੰਬਾਈ 5 ਫੁੱਟ 8 ਇੰਚ ਅਤੇ ਵਜਨ 155 ਕਿਲੋਗ੍ਰਾਮ ਹੁੰਦਾ ਹੈ।

ਕਾਂਗੋ ਜਾਇਰੇ ਵਿੱਚ ਮਾਰੇ ਗਏ ਇਕ ਪਰਬਤੀ ਪ੍ਰਜਾਤੀ ਦੇ ਜੰਗਲੀ ਨਰ ਗੋਰੀਲਾ ਦੀ ਉਚਾਈ 6 ਫੁੱਟ 2 ਇੰਚ ਨੋਟ ਕੀਤੀ ਗਈ ਹੈ। ਵਰਤਮਾਨ ਸਮੇਂ ਸਭ ਤੋਂ ਵੱਡਾ ਕੈਦੀ ਬਣਾ ਕੇ ਰੱਖਿਆ ਗਿਆ ਇਕ ਪੂਰਬੀ ਫਲੋਰਿਡਾ ਪ੍ਰਾਣੀ ਪਾਰਕ ਵਿੱਚ ਹੈ। ਜਿਸ ਦੀ ਲੰਬਾਈ 6 ਫੁੱਟ 2 ਇੰਚ ਅਤੇ ਵਜਨ 260 ਕਿਲੋਗ੍ਰਾਮ ਹੈ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਵ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ1) ਕਿਸ ਦੇਵਤਾ ਨੂੰ ਨੀਲਕੰਠ ਅਤੇ ਆਸ਼ੂਤੋਸ਼ ਵੀ ਕਹਿੰਦੇ ਹਨ?

ਪ੍ਰਸ਼ਨ2) 1983 ਦੇ ਕ੍ਰਿਕਟ ਵਰਲਡ ਕੱਪ ਦੀ ਵਿਜੇਤਾ ਭਾਰਤੀ ਟੀਮ ਦਾ ਕਪਤਾਨ ਕੌਣ ਸੀ?

ਪ੍ਰਸ਼ਨ3) ਅਰਜੁਨ ਦੇ ਧਨੁਸ਼ ਦਾ ਨਾਂ ਕੀ ਸੀ?

ਪ੍ਰਸ਼ਨ4) ਏਸ਼ੀਆ ਦੇ ਕਿਸ ਦੇਸ਼ ਦੀ ਰਾਜਧਾਨੀ 'ਮਾਲੇ' ਹੈ?

ਪ੍ਰਸ਼ਨ5) ਭਗਵਾਨ ਸ੍ਰੀ ਕ੍ਰਿਸ਼ਣ ਦੇ ਪਿਤਾ ਦਾ ਕੀ ਨਾਂ ਸੀ?

ਪ੍ਰਸ਼ਨ6) 'ਗੀਤ ਗੋਵਿੰਦ' ਦੇ ਲੇਖਕ ਕੌਣ ਸਨ?

ਪ੍ਰਸ਼ਨ7) ਚੰਦਰ ਸ਼ੇਖਰ ਤੋਂ ਬਾਅਦ ਭਾਰਤ ਦਾ ਪ੍ਰਧਾਨ ਮੰਤਰੀ ਕੌਣ ਸੀ?

ਪ੍ਰਸ਼ਨ8) ਸੰਯੁਕਤ ਸੋਵੀਅਤ ਸੰਘ ਦੇ ਅੰਤਿਮ ਰਾਸ਼ਟਰਪਤੀ ਕੌਣ ਸਨ?

ਪ੍ਰਸ਼ਨ9) ਅੰਗਦ ਦੇ ਚਾਚਾ ਦਾ ਕੀ ਨਾਮ ਸੀ?

ਪ੍ਰਸ਼ਨ10) ਮਹਾਂਭਾਰਤ ਦੇ ਯੁੱਧ ਵਿਚ ਕਿਸ ਪਾਂਡਵ ਨੇ ਸ਼ਕੁਨੀ ਦਾ ਕਤਲ ਕੀਤਾ ਸੀ?

ਪ੍ਰਸ਼ਨ11) ਭਗਵਾਨ ਸ੍ਰੀ ਰਾਮ ਦੇ ਪੁੱਤਰ ਕੁਸ਼ ਦਾ ਭਰਾ ਕੌਣ ਸੀ?

ਪ੍ਰਸ਼ਨ12) ਤੇਲਗੂਦੇਸ਼ਮ ਪਾਰਟੀ ਦੇ ਸੰਸਥਾਪਕ ਕੌਣ ਸਨ?

ਪ੍ਰਸ਼ਨ13) ਗੋਪੀਆਂ ਕੋਲ ਭਗਵਾਨ ਸ੍ਰੀ ਕ੍ਰਿਸ਼ਣ ਦਾ ਸੰਦੇਸ਼ ਲੈ ਕੇ ਕੌਣ ਗਿਆ ਸੀ?

ਪ੍ਰਸ਼ਨ14) ਕ੍ਰਿਕਟ ਸੰਬੰਧੀ ਪੁਸਤਕ 'ਕ੍ਰਿਕਟ ਮਾਈ ਸਟਾਈਲ' ਦਾ ਲੇਖਕ ਕੌਣ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)




# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਮੈਡਮ ਜੀ ਲੱਕੜੀ ਦੇ ਪਹੀਏ ਦੀ ਖੋਜ ਕਦੋਂ ਹੋਈ ਸੀ?
ਲੱਕੜੀ ਦੇ ਪਹੀਏ ਦੀ ਖੋਜ ਸਭ ਤੋਂ ਪਹਿਲਾਂ ਮੈਸੋਪੋਟਾਮਿਆ (ਪੱਛਮੀ ਏਸ਼ੀਆ) ਵਿੱਚ ਹੋਈ ਸੀ। ਸੁਮੇਰੀਅਨ ਸਭਿਅਤਾ ਕਾਲ ਵਿੱਚ ਈਸਾ ਤੋਂ 3500 ਸਾਲ ਪਹਿਲਾਂ ਇਸ ਪਹੀਏ ਨੂੰ ਲੱਕੜੀ ਦੇ ਕਈ ਤਖਤਾਂ ਨੂੰ ਜੋੜ ਕੇ ਬਣਾਇਆ ਸੀ।
ਮੈਡਮ ਜੀ, ਪਹੀਏ ਦਾ ਵਿਕਾਸ ਕਿਵੇਂ ਹੋਇਆ? ਕਿਰਪਾ ਕਰਕੇ ਦੱਸੋ।
ਲੱਕੜੀ ਦੇ ਪਹੀਏ ਦਾ ਵਿਕਾਸ ਸਮੇਂ ਦੇ ਨਾਲ ਕਈ ਪੜਾਵਾਂ ਵਿੱਚ ਹੋਇਆ।
ਪ੍ਰਾਚੀਨ ਕਾਲ ਵਿੱਚ ਭਾਰੀ ਵਸਤੂਆਂ ਨੂੰ ਆਸਾਨੀ ਨਾਲ ਲੈ ਜਾਇਆ ਜਾ ਸਕੇ, ਇਸਦੇ ਲਈ ਭਾਰੀ ਵਸਤੂਆਂ ਦੇ ਹੇਠਾਂ ਰੋਲਰਸ (ਲੱਕੜੀ ਦੇ ਗੋਲ ਸ਼ਤੀਰ) ਰੱਖੇ ਜਾਂਦੇ ਸਨ।
ਜੀ, ਮੈਡਮ !


ਟੀਚਰ ਜੀ ਸਲੇਜ ਤਾਂ ਬਰਫੀਲੇ ਇਲਾਕਿਆਂ ਵਿੱਚ ਹੀ ਚਲਦੀ ਹੈ ਨਾ!
ਉਹਨਾਂ ਲੋਕਾਂ ਨੇ ਵਸਤੂਆਂ ਨੂੰ ਇਕ ਸਥਾਨ ਤੋਂ ਦੂਸਰੇ ਸਥਾਨ ਤਕ ਲੈ ਜਾਣ ਲਈ ਸਲੇਜ ਦੀ ਕਾਢ ਕੱਢੀ।
ਉਸ ਸਲੇਜ ਨੂੰ ਰੋਲਰ ਦੇ ਉਪਰ ਰੱਖ ਕੇ ਚਲਾਉਣ ਦੀ ਕੋਸ਼ਿਸ਼ ਕੀਤੀ ਗਈ।
ਟੀਚਰ ਜੀ, ਪਹੀਏ ਦੀ ਖੋਜ ਤਾਂ ਕਾਫੀ ਮਜੇਦਾਰ ਹੈ।
ਉਸਦੇ ਬਾਦ ਸਲੇਜ ਦੇ ਹੇਠਾਂ ਲਗੇ ਰੋਲਰਸ ਦਾ ਉਪਯੋਗ ਪਹੀਏ ਦੇ ਰੂਪ ਵਿੱਚ ਹੋਣ ਲੱਗਾ। ਹੁਣ ਰੋਲਰਸ ਤੇ ਗਹਿਰੇ ਖਾਂਚੇ ਬਣਾ ਕੇ ਸਲੇਜ ਨੂੰ ਕਾਫੀ ਦੂਰੀ ਤਕ ਲੈ ਜਾਇਆ ਜਾਣ ਲੱਗਾ।


ਇਸ ਤਰ੍ਹਾਂ ਰੋਲਰਸ ਨੂੰ ਪਹੀਏ ਦਾ ਆਕਾਰ ਦਿੱਤਾ ਗਿਆ।
ਫਿਰ ਲੱਕੜੀ ਦੇ ਪਹੀਏ ਲਗਾ ਕੇ ਸਭ ਤੋਂ ਪਹਿਲੀ ਲੱਕੜੀ ਦੀ ਗੱਡੀ ਬਣੀ ਸੀ ਨਾ !
2000 ਈ: ਪੂ: ਦੇ ਆਸਪਾਸ ਇਹ ਪਹੀਏ ਰੱਥਾਂ ਅਤੇ ਬੈਲਗੱਡੀਆਂ ਤੇ ਲਗਾਏ ਗਏ। ਤਦ ਤੋਂ ਇਹਨਾਂ ਪਹੀਆਂ ਦੇ ਵਿਕਾਸ ਵਿੱਚ ਹੋਰ ਤੇਜ਼ੀ ਆਈ। ਜਿਸਦਾ ਨਤੀਜਾ ਅੱਜ ਅਸੀਂ ਵੇਖ ਰਹੇ ਹਾਂ।
ਟੀਚਰ ਜੀ, ਟਰੱਕ, ਬੱਸਾਂ, ਅਤੇ ਰੇਲਗੱਡੀਆਂ ਵੀ ਤਾਂ ਪਹੀਆਂ ਨਾਲ ਹੀ ਚਲਦੀਆਂ ਹਨ।
ਵੇਖਿਆ ਬੱਚਿਉ! ਪਹੀਏ ਦੀ ਖੋਜ ਅੱਜ ਸਾਡੇ ਕਿੰਨੇ ਕੰਮ ਆ ਰਹੀ ਹੈ।
ਜੀ, ਟੀਚਰ ਜੀ!
ਬੱਚਿਊ ! ਮਾਨਵ ਸਭਿਅਤਾ ਦੇ ਵਿਕਾਸ ਵਿੱਚ ਪਹੀਏ ਦਾ ਬਹੁਤ ਵੱਡਾ ਯੋਗਦਾਨ ਹੈ।



ਕਹਾਣੀ – ਅੰਜੂ ਨਿਰੰਕਾਰੀ

# ਲੋਹੜੀ ਦਾ ਤਿਉਹਾਰ
# ਸਭ ਨਾਲ ਕਰੋ ਪਿਆਰ

ਸੋਹਨਪੁਰ ਦੇ ਘਣੇ ਜੰਗਲਾਂ ਵਿਚ ਖਰਗੋਸ਼ਾਂ ਦਾ ਇਕ ਪਿੰਡ ਸੀ, ਉਮੰਗਪੁਰ। ਨਾਂ ਦੇ ਅਨੁਰੂਪ ਸਾਰੇ ਖਰਗੋਸ਼ ਆਪਸ ਵਿਚ ਮਿਲ-ਜੁਲ ਕੇ ਰਹਿੰਦੇ ਸਨ। ਇਕ ਟਿਮਕੂ ਨਾਂ ਦਾ ਖਰਗੋਸ਼ ਸੀ ਜੋ ਉਸੇ ਪਿੰਡ ਵਿਚ ਰਹਿੰਦਾ ਸੀ। ਉਹ ਕੁਝ ਅਲਗ ਹੀ ਸੁਭਾਅ ਦਾ ਸੀ। ਸਵਾਰਥੀ ਤਾਂ ਉਹ ਸੀ ਪਰ ਦੂਸਰਿਆਂ ਨੂੰ ਪਰੇਸ਼ਾਨ ਕਰਨ ਵਿਚ ਵੀ ਉਸ ਨੂੰ ਬਹੁਤ ਮਜ਼ਾ ਆਉਂਦਾ ਸੀ। ਹਮੇਸ਼ਾ ਸਭ ਦੀ ਚੁਗਲੀ ਇੱਧਰ-ਉਧਰ ਕਰਦਾ ਰਹਿੰਦਾ ਸੀ। ਬਸਤੀ ਵਿਚ ਸਾਰੇ ਉਸ ਤੋਂ ਬਹੁਤ ਪਰੇਸ਼ਾਨ ਸਨ। ਪਰ ਕੋਈ ਕੀ ਕਰੇ? ਸਭ ਨੇ ਤੰਗ ਆ ਕੇ ਟਿਮਕੂ ਨਾਲ ਬੋਲਚਾਲ ਬੰਦ ਕਰ ਦਿੱਤੀ। ਉਸ ਦੀਆਂ ਇਹਨਾਂ ਹਰਕਤਾਂ ਨੇ ਉਸ ਦੀ ਮਾਂ ਨੂੰ ਬੀਮਾਰ ਕਰ ਦਿੱਤਾ ਅਤੇ ਉਸ ਦੀ ਮੌਤ ਹੋ ਗਈ। ਟਿਮਕੂ ਇਕੱਲਾ ਸੀ। ਸਾਰਾ ਦਿਨ ਇੱਧਰ ਉਧਰ ਮਸਤੀ ਕਰਦਾ ਰਹਿੰਦਾ ਸੀ ਅਤੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਖਾਣ-ਪੀਣ ਦਾ ਜੁਗਾੜ ਵੀ ਕਰ ਹੀ ਲੈਂਦਾ ਸੀ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਮੰਗਪੁਰ ਦੇ ਖਰਗੋਸ਼ਾਂ ਵਿਚ ਲੋਹੜੀ ਦਾ ਤਿਉਹਾਰ ਮਨਾਉਣ ਦਾ ਬਹੁਤ ਉਤਸ਼ਾਹ ਸੀ।ਸਭ ਖਰਗੋਸ਼ਾਂ ਨੇ ਫੈਸਲਾ ਕੀਤਾ ਕਿ ਇਸ ਵਾਰੀ ਖੁਸ਼ੀ ਮਨਾਉਂਦੇ ਹੋਏ ਸ਼ਾਮ ਨੂੰ ਆਪਣੇ-ਆਪਣੇ ਘਰ ਲੋਹੜੀ ਜਲਾਉਣੀ ਹੈ। ਕਾਫੀ ਸਮੇਂ ਪਹਿਲਾਂ ਤੋਂ ਹੀ ਸਭ ਤਿਆਰੀਆਂ ਵਿਚ ਲਗ ਗਏ ਸਨ।

ਸਾਰੇ ਜੀਵ ਟਿਮਕੂ ਖਰਗੋਸ਼ ਦੀਆਂ ਇਹਨਾਂ ਹਰਕਤਾਂ ਤੋਂ ਤੰਗ ਸਨ। ਕੋਈ ਉਸਦੇ ਪਰਿਵਾਰ ਵਿਚ ਨਹੀ ਸੀ ਜਿਸ ਨਾਲ ਉਸ ਦੀ ਸ਼ਿਕਾਇਤ ਕੀਤੀ ਜਾਵੇ। ਕੋਈ-ਕੋਈ ਤਾਂ ਉਸ ਦੀ ਪਿਟਾਈ ਵੀ ਕਰ ਦਿੰਦਾ ਸੀ ਪਰ ਉਹ ਬਾਜ਼ ਨਹੀ ਆਉਂਦਾ ਸੀ।

ਇਸ ਵਾਰ ਟਿਮਕੂ ਲੋਹੜੀ ਦੇ ਤਿਉਹਾਰ ਤੋਂ ਇਕ ਦਿਨ ਪਹਿਲਾਂ ਹੀ ਬੀਮਾਰ ਹੋ ਗਿਆ। ਬੀਮਾਰ ਵੀ ਬਹੁਤ ਜ਼ਿਆਦਾ ਹੋ ਗਿਆ। ਉਸ ਨੂੰ ਬਹੁਤ ਕਮਜ਼ੋਰੀ ਆ ਗਈ ਸੀ। ਸਭ ਖੁਸ਼ੀਆਂ ਮਨਾ ਰਹੇ ਸਨ ਪਰ ਟਿਮਕੂ ਮੰਜੇ ਤੇ ਪਿਆ ਤੜਫ ਰਿਹਾ ਸੀ। ਉਸ ਦੇ ਗਲਤ ਵਿਉਹਾਰ ਦੇ ਕਾਰਣ ਕੋਈ ਉਸ ਦੀ ਖਬਰ ਨਹੀ ਲੈਣ ਆਇਆ। ਉਹ ਭੁੱਖਾ ਪਿਆਸਾ ਮੰਜੇ ਤੇ ਪਿਆ ਰੋਂਦਾ ਰਿਹਾ।

ਲੋਹੜੀ ਦੇ ਤਿਉਹਾਰ ਵਾਲੇ ਦਿਨ ਵੀ ਉਸ ਦੇ ਘਰ ਉਦਾਸੀ ਸੀ। ਉਸ ਦੀ ਹਿੰਮਤ ਨਹੀ ਸੀ ਕਿ ਉਠ ਕੇ ਲੋਹੜੀ ਜਲਾ ਸਕੇ ਅਤੇ ਨਾ ਹੀ ਉਸ ਕੋਲ ਕੋਈ ਸਾਧਨ ਸੀ।


ਮਨ ਹੀ ਮਨ ਉਹ ਪਛਤਾ ਰਿਹਾ ਸੀ ਕਿ ਕਾਸ਼ ਉਸ ਨੇ ਪਿੰਡ ਦੇ ਲੋਕਾਂ ਨਾਲ ਚੰਗਾ ਵਿਉਹਾਰ ਕੀਤਾ ਹੁੰਦਾ ਤਾਂ ਉਸ ਨੂੰ ਇਸ ਤਰ੍ਹਾਂ ਪਛਤਾਉਣਾ ਨਾ ਪੈਂਦਾ। ਨਾ ਹੀ ਇਕੱਲਾ ਰਹਿਣਾ ਪੈਂਦਾ। ਸਭ ਉਸ ਦਾ ਹਾਲ ਪੁੱਛਣ ਲਈ ਆਉਂਦੇ।

ਉਹ ਸੋਚ ਹੀ ਰਿਹਾ ਸੀ ਕਿ ਅਚਾਨਕ ਉਸ ਨੇ ਇਕ ਅਵਾਜ਼ ਸੁਣੀ। ਇਹ ਮਨਕੂ ਖਰਗੋਸ਼ ਸੀ ਜੋ ਉਸ ਦੇ ਗੁਆਂਢ ਵਿਚ ਰਹਿੰਦਾ ਸੀ।

ਟਿਮਕੂ ਇਹ ਕੀ ਹੋਇਆ? ਅੱਜ ਦੇ ਦਿਨ ਵੀ ਘਰ ਵਿਚ ਉਦਾਸੀ। ਇਹ ਕੀ ਗੱਲ ਹੈ?

ਮੈਂ ਬੀਮਾਰ ਹਾਂ। ਉਠ ਨਹੀ ਸਕਦਾ। - ਟਿਮਕੂ ਹੌਲੀ ਜਿਹੀ ਬੋਲਿਆ।

ਮੈਂ ਵੀ ਸੋਚ ਰਿਹਾ ਸੀ ਕਿ ਅੱਜ ਤੇਰੇ ਘਰ ਸੁੰਨਾਪਣ ਅਤੇ ਹਨੇਰਾ ਕਿਉਂ ਹੈ। ਕੱਲ ਤੋਂ ਤੂੰ ਬਾਹਰ ਨਹੀ ਆਇਆ। ਮੈਂ ਸੋਚਿਆ ਜਾ ਕੇ ਵੇਖਣਾ ਚਾਹੀਦਾ ਹੈ। ਠਹਿਰ, ਮੈਂ ਥੋੜੀ ਦੇਰ ਵਿਚ ਆਉਂਦਾ ਹਾਂ।



ਥੋੜੀ ਦੇਰ ਵਿਚ ਮਨਕੂ ਵਾਪਸ ਆਇਆ। ਉਸ ਦੇ ਹੱਥ ਖਾਣ ਪੀਣ ਦਾ ਸਮਾਨ ਸੀ। ਲੈ ਕੁਝ ਖਾ ਲੈ।

ਤੂੰ ਮੇਰੇ ਜਿਹੇ ਬੁਰੇ ਸੁਭਾਅ ਵਾਲੇ ਖਰਗੋਸ਼ ਨਾਲ ਇਸ ਤਰ੍ਹਾਂ ਕਿਉਂ ਕਰ ਰਿਹਾ ਹੈ? ਮੈ ਤਾਂ



ਤੇਰੇ ਨਾਲ ਬੁਰਾ ਵਿਉਹਾਰ ਹੀ ਕਰਦਾ ਰਿਹਾ ਹਾਂ ਪਰ ਤੂੰ ਮੇਰੇ ਘਰ ਖੁਸ਼ੀ ਮਨਾਉਣ ਆਇਆ ਹੈ। ਇਹ ਕਹਿੰਦੇ ਹੋਏ ਟਿਮਕੂ ਰੋ ਪਿਆ।

ਨਹੀ ਦੋਸਤ, ਰੋਂਦੇ ਨਹੀਂ ਹਨ। ਤੂੰ ਮੇਰਾ ਗੁਆਂਢੀ ਹੈ। ਮੈਂ ਇਹ ਕਿਵੇਂ ਵੇਖ ਸਕਦਾ ਹਾਂ ਕਿ ਮੇਰਾ ਘਰ ਰੌਣਕ ਹੋਵੇ ਅਤੇ ਤੇਰਾ ਘਰ ਉਦਾਸੀ ਵਿਚ ਡੁੱਬਾ ਰਹੇ।

ਮੈਨੂੰ ਮਾਫ ਕਰ ਦੇ ਦੋਸਤ। ਮੈਂ ਹੁਣ ਕੋਈ ਸ਼ਰਾਰਤ, ਕੋਈ ਬੁਰਾ ਕੰਮ ਨਹੀ ਕਰਾਂਗਾ। ਜੋ ਤੂੰ ਉਦਾਸੀ ਦੇ ਬਦਲੇ ਮੈਨੂੰ ਖੁਸ਼ੀ ਦਿੱਤੀ ਹੈ ਉਸ ਨੇ ਮੇਰੇ ਘਰ ਦੇ ਨਾਲ-ਨਾਲ ਮੇਰੇ ਮਨ ਨੂੰ ਵੀ ਰੌਸ਼ਨ ਕਰ ਦਿੱਤਾ ਹੈ।

– ਸੱਚ ?

ਹਾਂ ਬਿਲਕੁਲ ਸੱਚ ! ਹੁਣ ਮੇਰੇ ਤੋਂ ਕਿਸੇ ਨੂੰ ਵੀ ਕੋਈ ਸ਼ਿਕਾਇਤ ਨਹੀ ਰਹੇਗੀ। ਅੱਖਾਂ ਦੇ ਅਥਰੂ ਸਾਫ ਕਰਦੇ ਹੋਏ ਟਿਮਕੂ ਨੇ ਕਿਹਾ।

ਪਿਆਰੇ ਬੱਚਿਉ ! ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਅਸੀਂ ਬੁਰੇ ਲੋਕਾਂ ਨਾਲ ਵੀ ਚੰਗਾ ਵਿਉਹਾਰ ਕਰਦੇ ਰਹਿਣਾ ਹੈ। ਕਦੇ ਵੀ ਕਿਸੇ ਨਾਲ ਨਫਰਤ ਨਹੀ ਕਰਨੀ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਭਗਵਾਨ ਸ਼ਿਵ
2) ਕਪਿਲ ਦੇਵ
3) ਗਾਂਡੀਵ
4) ਮਾਲਦੀਵ
5) ਵਸੂਦੇਵ
6) ਜੈ ਦੇਵ
7) ਪੀ.ਵੀ ਨਰਸਿਮਹਾ ਰਾਵ
8) ਮਿਖਾਇਲ ਗੋਰਬਾਚੇਵ
9) ਸੁਗਰੀਵ
10) ਸਹਿਦੇਵ
11) ਲਵ
12) ਐਨ.ਟੀ ਰਾਮਾਰਾਵ
13) ਊਧਵ
14) ਕਪਿਲ ਦੇਵ

# ਕੀ ਤੁਸੀਂ ਜਾਣਦੇ ਹੋ




- ਮਾਨਵ ਦੇ ਪੈਰਾਂ ਵਿੱਚ 30 ਹੱਡੀਆਂ ਹੁੰਦੀਆਂ ਹਨ।
- ਮਾਨਵ ਸਰੀਰ ਦੀ ਸਭ ਤੋਂ ਛੋਟੀ ਹੱਡੀ ਕੰਨ ਵਿੱਚ ਹੁੰਦੀ ਹੈ।
- ਅਮਰੀਕਾ ਦੇ ਰਾਸ਼ਟਰਪਤੀ ਜੇਮਸ ਬੁਚਾਨਨ ਦਾ ਵਿਆਹ ਨਹੀਂ ਹੋਇਆ ਸੀ।
- ਆਈਸਲੈਂਡ ਵਿੱਚ ਪਾਲਤੂ ਕੁੱਤੇ ਰੱਖਣਾ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ।
- ਡਾਲਫਿਨ ਸਭ ਤੋਂ ਬੁੱਧੀਮਾਨ ਮੱਛੀ ਹੁੰਦੀ ਹੈ।
- ਮਹਾਂਭਾਰਤ ਦਾ ਪੁਰਾਣਾ ਨਾਂ ਜੈਸੰਹਿਤਾ ਸੀ।
- ਇੰਗਲੈਂਡ ਦਾ ਕੋਈ ਲਿਖਿਤ ਸੰਵਿਧਾਨ ਨਹੀਂ ਹੈ।
- ਲਾਉਸ ਦੇਸ਼ ਵਿੱਚ ਸਿੱਕੇ ਦਾ ਪ੍ਰਚੱਲਨ ਨਹੀਂ ਹੈ।
- ਨਾਈਟਰਸ ਆਕਸਾਈਡ ਗੈਸ ਨੂੰ ਸੁੰਘਣ ਨਾਲ ਆਦਮੀ ਹੱਸਦਾ ਹੀ ਰਹਿੰਦਾ ਹੈ।
- ਨੇਪਾਲ ਇਕ ਅਜਿਹਾ ਦੇਸ਼ ਹੈ ਜੋ ਕਦੇ ਗੁਲਾਮ ਨਹੀਂ ਹੋਇਆ।
- ਨੀਲ ਨਦੀ ਦਾ ਪਾਣੀ ਗਰਮ ਹੁੰਦਾ ਹੈ।
- ਵਿਸ਼ਵ ਦੀ ਸਭ ਤੋਂ ਜ਼ਹਿਰੀਲੀ ਛਿਪਕਲੀ ਹਿਲੋਡਰਮਾ ਹੈ।
- ਵਿਸ਼ਵ ਦਾ ਸਭ ਤੋਂ ਜ਼ਹਿਰੀਲਾ ਸੱਪ ਸਮੁੰਦਰੀ ਸੱਪ (ਹਾਈਡ੍ਰੋਫਿਸ਼) ਹੈ।
- ਸਵਿਟਜ਼ਰਲੈਂਡ ਵਿੱਚ ਕਿਸੇ ਕਾਰ ਦੇ ਦਰਵਾਜ਼ੇ ਨੂੰ ਜ਼ੋਰ ਨਾਲ ਬੰਦ ਕਰਨਾ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ।
- ਦੁਨੀਆਂ ਦੇ ਦਸ ਪ੍ਰਤੀਸ਼ਤ ਤੋਂ ਵੀ ਘੱਟ ਲੋਕ ਖ਼ੂਨਦਾਨ ਕਰਦੇ ਹਨ।
- ਛੋਟੇ ਮੁੰਡਿਆਂ ਦੇ ਲੱਕ ਦੁਆਲੇ ਮਣਕੇ, ਘੁੰਗਰੂ ਜਾਂ ਕੌਡੀਆਂ ਪਰੋ ਕੇ ਬੰਨੇ ਕਾਲੇ ਰੰਗ ਦੇ ਧਾਗੇ ਨੂੰ ਤੜਾਗੀ ਕਹਿੰਦੇ ਹਨ।
- ਗਊਆਂ ਦੇ ਸਮੂਹ ਨੂੰ ਵੱਗ ਕਹਿੰਦੇ ਹਨ।
- ਰੇਸ਼ਮ ਦੀ ਪੱਗ ਨੂੰ ਟਸਰੀ ਕਿਹਾ ਜਾਂਦਾ ਹੈ।
- ਸਣ ਜਾਂ ਸੂਤ ਦੀ ਰੱਸੀ ਵੱਟਣ ਵਾਲੇ ਲੱਕੜ ਦੇ ਬਣੇ ਯੰਤਰ ਨੂੰ ਢੇਰਨਾ ਕਿਹਾ ਜਾਂਦਾ ਹੈ।

ਸੰਗ੍ਰਹਿਕਰਤਾ - ਜਗਤਾਰ ਚਮਨ



– ਬਲਵਿੰਦਰ ਸਿੰਘ

# ਮੰਟੂ ਦਾ ਅਨੋਖਾ ਤਰੀਕਾ

ਲਗਾਤਾਰ ਹੋ ਰਹੀਆ ਚੋਰੀਆਂ ਕਾਰਨ ਜੰਗਲ ਵਿਚ ਹਾਹਾਕਾਰ ਮਚੀ ਹੋਈ ਸੀ। ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਚੋਰ ਕਾਬੂ ਨਹੀਂ ਆ ਰਿਹਾ ਸੀ। ਜੰਗਲ ਦਾ ਰਾਜਾ ਸ਼ੇਰ ਕਈ ਵਾਰ ਆਪਣੀ ਸਭਾ ਦੀ ਮੀਟਿੰਗ ਬੁਲਾ ਚੁੱਕਾ ਸੀ ਪਰ ਸਭ ਹੀਲੇ-ਵਸੀਲਿਆਂ ਦੇ ਬਾਵਜੂਦ ਚੋਰ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ ਸੀ।

ਮਿੱਕੂ ਲੂੰਬੜ ਨੇ ਆਪਣੇ ਦਰਦ ਨੂੰ ਬਿਆਨ ਕਰਦਿਆਂ ਭਰੀ ਸਭਾ ਵਿਚ ਕਹਿ ਦਿੱਤਾ, – ਜੇਕਰ ਹਾਲਾਤ ਅਜਿਹੇ ਹੀ ਰਹੇ ਤਾਂ ਸਾਨੂੰ ਇਹ ਜੰਗਲ ਛੱਡ ਕੇ ਜਾਣਾ ਪੈ ਸਕਦਾ ਹੈ।' ਉਸਦੇ ਇਨ੍ਹਾਂ ਬੋਲਾਂ ਨੇ ਰਾਜੇ ਸ਼ੇਰ ਦੀ ਚਿੰਤਾ ਨੂੰ ਹੋਰ ਵਧਾ ਦਿੱਤਾ। ਸਭ ਹੈਰਾਨ ਸਨ ਕਿ ਆਖਰ ਕੀਤਾ ਕੀ ਜਾਵੇ?

ਹੋਰ ਤਾਂ ਹੋਰ ਜਦੋ ਵੀ ਕੋਈ ਵਸਤੂ ਖਰੀਦਦਾ ਤਾਂ ਚੋਰੀ ਹੋ ਜਾਂਦੀ। ਅਜੇ ਮੱਖਣ ਭਾਲੂ ਨੇ ਕੁਝ ਦਿਨ ਪਹਿਲਾਂ ਨਵਾਂ ਟੈਲੀਵੀਜ਼ਨ ਖਰੀਦਿਆਂ ਹੀ ਸੀ ਕਿ ਉਹ ਚੋਰੀ ਹੋ ਗਿਆ। ਉਹ ਇਸ ਮਾਮਲੇ ਵਿਚ ਕਾਫੀ ਚੇਤੰਨ ਵੀ ਰਿਹਾ ਸੀ ਪਰ ਫਿਰ ਵੀ ਚੋਰੀ ਹੋ ਗਈ।

ਸ਼ੇਰ ਨੇ ਫਿਰ ਸਭਾ ਬੁਲਾਈ। ਉਸਨੇ ਕਿਹਾ , 'ਜਦੋਂ ਵੀ ਸਾਨੂੰ ਕੋਈ ਭੀੜ ਪਈ ਹੈ ਅਸੀਂ ਜੰਗਲ ਦੇ ਦੱਖਣ ਕੋਨੇ ਵਿਚ ਰਹਿੰਦੇ ਬਜ਼ੁਰਗ ਮੰਟੂ ਬਾਂਦਰ ਦੀ ਮਦਦ ਲੈਂਦੇ ਆਏ ਹਾਂ, ਕਿਉਂ ਨਾ ਉਸ ਕੋਲੋਂ ਸਲਾਹ ਲਈ ਜਾਵੇ। ਸ਼ੇਰ ਦੀ ਇਹ ਗੱਲ ਸੁਣ ਕੇ ਕਈ ਬੋਲੇ, ਲੈ ਉਹ ਤਾਂ ਹੁਣ ਬਹੁਤ ਬੁੱਢਾ ਹੋ ਗਿਆ ਏ, ਜਦ ਅਸੀਂ ਚੋਰ ਨਹੀਂ ਲੱਭ ਸਕਦੇ, ਫਿਰ ਉਹ ਕਿਸ ਤਰ੍ਹਾ ਲਭੇਗਾ? ਕਈ ਜਣਿਆ ਦੇ ਨਾ – ਨੁੱਕਰ ਦੇ ਬਾਵਜੂਦ ਆਖਰ ਉਸ ਕੋਲ ਜਾਣ ਦਾ ਫੈਸਲਾ ਕੀਤਾ ਗਿਆ। ਇਹ ਗੱਲ ਸਾਰਿਆਂ ਨੂੰ ਹੀ ਪਤਾ ਸੀ ਕਿ ਮੰਟੂ ਜੋ ਗੱਲ ਕਹਿੰਦਾ ਹੈ ਉਹ ਮੂੰਹ ਤੇ ਹੀ ਕਹਿ ਦਿੰਦਾ ਹੈ, ਇਸ ਕਰਕੇ ਕਿਸੇ ਨੇ ਵੀ ਉਸਦੀ ਗੱਲ ਦਾ ਗੁੱਸਾ ਨਾ ਕਰਨ ਦਾ ਫੈਸਲਾ ਕੀਤਾ।

ਸਭ ਨੇ ਮੰਟੂ ਕੋਲ ਜਾ ਕੇ ਆਪਣੀ ਫਰਿਆਦ ਸੁਣਾਈ। ਮੰਟੂ ਸ਼ੇਰ ਵੱਲ ਗਹੁ ਨਾਲ ਤੱਕਦਾ ਬੋਲਿਆ, ਕੋਈ ਜੰਗਲ ਤੋਂ ਬਾਹਰ ਵੀ ਗਿਆ ਸੀ, ਭਾਵ ਕਿਸੇ ਕੰਮ-ਕਾਰ ਜਾਂ ਹੋਰ ਮਾਮਲੇ ਵਿਚ। ਸ਼ੇਰ ਨੇ ਹਾਂ ਵਿਚ ਹਾਂ ਮਿਲਾਉਂਦਿਆ ਕਿਹਾ, ਹੋਰ ਤਾਂ ਕੋਈ ਨਹੀਂ, ਪਰ ਜੀਤੂ ਗਿੱਦੜ ਦਾ ਚੰਨੂੰ ਸ਼ਹਿਰ ਵਿਚ ਪੜ੍ਹਾਈ ਕਰਕੇ ਆਇਆ ਹੈ।' ਸ਼ੇਰ ਦੇ ਐਨਾ ਕਹਿਣ ਦੀ ਹੀ ਦੇਰ ਸੀ ਕਿ ਮੰਟੂ ਨੇ ਤੁਰੰਤ ਕਹਿ ਦਿੱਤਾ, ਬੱਸ ਫਿਰ ਉਹੀ ਹੈ ਚੋਰ।'

ਸਾਰੇ ਪਾਸੇ ਘੁਸਰ-ਮੁਸਰ ਸ਼ੁਰੂ ਹੋ ਗਈ। ਜੀਤੂ ਗਿੱਦੜ ਨੇ ਤਾਂ ਉਸਨੂੰ ਬੁਰਾ ਭਲਾ ਵੀ ਕਹਿਣਾ ਸ਼ੁਰੂ ਕਰ ਦਿੱਤਾ। ਮੰਟੂ ਬੜੇ ਸਤਿਕਾਰ ਨਾਲ ਕਹਿਣ ਲੱਗਾ, ਜੀਤੂ ਭਾਈ, ਇਸ ਵਿਚ ਗੁੱਸਾ ਕਰਨ ਦੀ ਕੋਈ ਗੱਲ ਨਹੀਂ, ਜਿਸ ਤਰੀਕੇ ਨਾਲ ਚੋਰ ਚੋਰੀ ਕਰ ਰਿਹਾ ਹੈ ਤੇ ਪਤਾ ਨਹੀਂ ਲੱਗਣ ਦੇ ਰਿਹਾ, ਇਹ



ਵਾਕਿਆ ਹੀ ਕਿਸੇ ਪੜ੍ਹੇ-ਲਿਖੇ ਦਾ ਕੰਮ ਹੈ। ਨਹੀਂ ਪਹਿਲਾਂ ਤਾ ਝੱਟ ਚੋਰ ਫੜ ਲੈਂਦੇ ਸੀ ਆਪਾਂ।' ਉਸਨੇ ਕੁਝ ਸਮਾਂ ਰੁਕ ਕੇ ਕਿਹਾ , ਜਾਉ ਤੇ ਉਸ ਤੇ ਨਜ਼ਰ ਰੱਖੋ।


ਇਹ ਗੱਲ ਹੁਣ ਸ਼ਹਿਰ ਤੋਂ ਪੜ੍ਹ ਕੇ ਆਏ ਚੰਨੂੰ ਕੋਲ ਵੀ ਪਹੁੰਚ ਗਈ ਸੀ। ਉਸਨੇ ਆਪਣੇ ਤੇ ਲੱਗੇ ਸਾਰੇ ਦੋਸ਼ਾਂ ਨੂੰ ਗਲਤ ਦਸਿਆ। ਉਸਨੇ ਕਿਹਾ, ਹਾਂ, ਮੈਂ ਚੋਰੀ ਤਾਂ ਨਹੀਂ ਕੀਤੀ, ਪਰ ਚੋਰ ਲੱਭਣ ਵਿਚ ਮਦਦ ਜ਼ਰੂਰ ਕਰਾਂਗਾ ਤਾਂ ਕਿ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ।

ਚੰਨੂੰ ਨੇ ਸਭਾ ਦੀ ਮਦਦ ਲਈ ਕਈ ਤਰੀਕੇ ਦੱਸੇ। ਆਖਿਰ ਇਕ ਰਾਤ ਚੰਨੂੰ ਦੇ ਦੱਸੇ ਤਰੀਕੇ ਅਤੇ ਸਭਾ ਦੀ ਮਿਹਨਤ ਸਦਕਾ ਚੋਰੀ ਕਰਨ ਆਇਆ ਚੋਰ ਜੱਗੂ ਖਰਗੋਸ਼ ਦੇ ਘਰ ਅੱਗੇ ਬਣਾਏ ਦਲਦਲ ਵਿਚ ਫਸ ਹੀ ਗਿਆ।

ਹੁਣ ਸਭ ਮੰਟੂ ਬਾਂਦਰ ਦੇ ਕੋਲ ਗਏ। ਮੰਟੂ ਉਹਨਾਂ ਨੂੰ ਦੇਖ ਚੰਨੂੰ ਵਲ ਇਸ਼ਾਰਾ ਕਰ ਕਹਿਣ ਲੱਗਾ , ਦੇਖਿਆ ਚੰਨੂੰ ਤੇਰੀ ਮਦਦ ਨਾਲ ਆਖਿਰ ਚੋਰ ਫੜਿਆ ਹੀ ਗਿਆ, ਜੇ ਮੈਂ ਤੈਨੂੰ ਸਿੱਧੇ ਤੌਰ ਤੇ ਮਦਦ ਲਈ ਕਹਿੰਦਾ ਤਾਂ ਸ਼ਾਇਦ ਤੂੰ ਨਾ ਮੰਨਦਾ। ਪਰ ਬੇਟਾ ਸਿਖਿਆ ਦਾ ਤਾਂ ਹੀ ਫਾਇਦਾ ਹੈ ਜੇ ਕਿਸੇ ਦੀ ਮਦਦ ਕੀਤੀ ਜਾ ਸਕੇ। ਮੈਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਤੂੰ ਸ਼ਹਿਰ ਤੋਂ ਸਿਖਿਆ ਲੈ ਕੇ ਵਾਪਿਸ ਆ ਗਿਆ ਹੈ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਪਰ ਜਦੋਂ ਤੂੰ ਜੰਗਲ ਵਾਲਿਆਂ ਦੀ ਔਖੇ ਸਮੇਂ ਮਦਦ ਲਈ ਅੱਗੇ ਨਹੀਂ ਆਇਆ ਤਾਂ ਮੈ ਇਲਜ਼ਾਮ ਵਾਲਾ ਪੈਂਤੜਾ ਤੇਰੇ ਤੇ ਹੀ ਸੁੱਟ ਦਿੱਤਾ ਜੋ ਕਿ ਕੰਮ ਵੀ ਕਰ ਗਿਆ।'

ਚੰਨੂੰ ਕਾਫੀ ਸ਼ਰਮਿੰਦਾ ਹੋਇਆ। ਉਸਨੇ ਅੱਗੇ ਤੋਂ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਜੰਗਲ ਵਿਚ ਸਾਰੇ ਮੰਟੂ ਬਜ਼ੁਰਗ ਦੇ ਚੋਰ ਲੱਭਣ ਦੇ ਅਨੋਖੇ ਤਰੀਕੇ ਤੋਂ ਖੁਸ਼ ਸਨ। ਹੁਣ ਫਿਰ ਸਾਰੇ ਖੁਸ਼ੀ ਖੁਸ਼ੀ ਜੀਵਨ ਬਤੀਤ ਕਰਨ ਲੱਗੇ। ■





ਜਾਣਕਾਰੀ : ਕਿਰਣ ਬਾਲਾ

# ਵਿਸ਼ਵ ਦੀਆਂ ਪ੍ਰਸਿੱਧ ਗੁਫਾਵਾਂ

ਗੁਫਾਵਾਂ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਪਾਸ਼ਾਣ ਯੁਗ ਵਿੱਚ ਮਾਨਵ ਗੁਫਾਵਾਂ ਵਿੱਚ ਰਹਿੰਦਾ ਸੀ। ਅੱਜ ਭਲੇ ਹੀ ਮਾਨਵ ਇਹਨਾਂ ਵਿੱਚ ਨਾ ਰਹਿੰਦਾ ਹੋਵੇ ਪਰ ਇਹ ਗੁਫਾਵਾਂ ਸੈਲਾਨੀਆਂ ਦੇ ਆਕਰਸ਼ਣ ਦਾ ਕੇਂਦਰ ਜਰੂਰ ਬਣ ਗਈਆਂ ਹਨ।

ਗੁਫਾਵਾਂ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਧਾਰਨਾਵਾਂ ਅਤੇ ਅੰਧਵਿਸ਼ਵਾਸ ਵੀ ਪ੍ਰਚਲਿਤ ਰਹੇ ਹਨ। ਯੂਨਾਨ ਦੇ ਲੋਕਾਂ ਦੀ ਧਾਰਣਾ ਸੀ ਕਿ ਉਹਨਾਂ ਦੇ ਦੇਵਤਾ ਗੁਫਾਵਾਂ ਵਿੱਚ ਹੀ ਰਹਿੰਦੇ ਸਨ। ਇਸੇ ਤਰ੍ਹਾਂ ਰੋਮ ਦੇ ਲੋਕਾਂ ਦਾ ਮੰਨਣਾ ਸੀ ਕਿ ਗੁਫਾਵਾਂ ਵਿੱਚ ਜਾਦੂ-ਟੂਣਾ ਕਰਨ ਵਾਲੇ ਲੋਕ ਰਹਿੰਦੇ ਸਨ। ਫਰਾਂਸ ਦੇ ਲੋਕਾਂ ਦਾ ਵਿਸ਼ਵਾਸ਼ ਸੀ ਕਿ ਗੁਫਾਵਾਂ ਵਿੱਚ ਦੇਵਤਿਆਂ ਦਾ ਵਾਸ ਹੁੰਦਾ ਸੀ। ਇਹੀ ਕਾਰਨ ਸੀ ਕਿ ਉਹ ਗੁਫਾਵਾਂ ਦੀ ਪੂਜਾ ਕਰਦੇ ਸਨ। ਵਿਗਿਆਨ ਇਹਨਾਂ ਸਾਰੀਆਂ ਧਾਰਣਾਵਾਂ ਅਤੇ ਅੰਧਵਿਸ਼ਵਾਸ਼ਾਂ ਨੂੰ ਨਹੀਂ ਮੰਨਦਾ ਹੈ।

ਗੁਫਾਵਾਂ ਦੇ ਰੂਪ ਅਨੇਕ ਹਨ ਅਰਥਾਤ ਇਹ ਕਈ ਤਰੀਕਿਆਂ ਨਾਲ ਬਣਦੀਆਂ ਹਨ। ਆਮ ਤੌਰ ਤੇ ਡੂੰਘੀ ਖਾਲੀ ਜਗ੍ਹਾ ਗੁਫਾ ਕਹਿਲਾਉਂਦੀ ਹੈ। ਹੁੰਦਾ ਇਹ ਹੈ ਸਮੁੰਦਰ ਤੋਂ ਆਉਣ ਵਾਲੀਆਂ ਲਹਿਰਾਂ ਜਦ ਚਟਾਨਾਂ ਨਾਲ ਟਕਰਾਉਂਦੀਆਂ ਹਨ ਤਾਂ ਚਟਾਨਾਂ ਦਾ ਮੁਲਾਇਮ ਪੱਥਰ ਆਪਣੇ ਨਾਲ ਵਹਾ ਕੇ ਲੈ ਜਾਂਦੀਆਂ ਹਨ। ਅਗਰ ਇਹ ਸਿਲਸਿਲਾ ਹਜ਼ਾਰਾਂ ਸਾਲ ਤਕ ਚਲਦਾ ਰਹੇ ਤਾਂ ਪਹਾੜ ਦੇ ਅੰਦਰ ਕਾਫੀ ਸਥਾਨ ਖੋਖਲਾ ਹੋ ਜਾਂਦਾ ਹੈ। ਆਕਾਰ ਵਿੱਚ ਟੇਡਾ-ਮੇਡਾ ਇਹ ਸਥਾਨ ਗੁਫਾ ਕਹਿਲਾਂਦਾ ਹੈ।

ਅਜਿਹੀ ਗੱਲ ਨਹੀਂ ਹੈ ਕਿ ਗੁਫਾਵਾਂ ਕੇਵਲ ਪਹਾੜਾਂ ਤੇ ਹੀ ਬਣਦੀਆਂ ਹਨ। ਜ਼ਮੀਨ ਦੇ ਅੰਦਰ ਵੀ ਗੁਫਾਵਾਂ ਮਿਲਦੀਆਂ ਹਨ ਜੋ ਕਿ ਜ਼ਮੀਨ ਦੇ ਹੇਠਾਂ ਵਹਿਣ ਵਾਲੀ ਪਾਣੀ ਦੀ ਧਾਰਾ ਨਾਲ ਬਣਦੀਆਂ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਗੁਫਾਵਾਂ ਅਮਰੀਕਾ ਵਿੱਚ ਹਨ।

ਜਵਾਲਾਮੁਖੀ ਪਰਿਵਰਤਨਾਂ ਦੀ ਵਜ੍ਹਾ ਨਾਲ ਵੀ ਗੁਫਾਵਾਂ ਦਾ ਨਿਰਮਾਣ ਹੁੰਦਾ ਹੈ।

ਦੁਨੀਆ ਵਿੱਚ ਅਜਿਹੀਆਂ ਅਨੇਕ ਛੋਟੀਆਂ ਵੱਡੀਆਂ ਗੁਫਾਵਾਂ ਹਨ ਜਿਨ੍ਹਾਂ ਨੂੰ ਵੇਖ ਕੇ ਸੈਲਾਨੀ ਹੈਰਾਨ ਰਹਿ ਜਾਂਦੇ ਹਨ। ਅਗਰ ਭਾਰਤ ਦੀ ਗੱਲ ਕਰੀਏ ਤਾਂ ਮਹਾਂਰਾਸ਼ਟਰ ਵਿੱਚ ਅਜੰਤਾ ਅਤੇ

ਏਲੋਰਾ ਦੀਆਂ ਗੁਫਾਵਾਂ ਵਿਸ਼ਵ ਪ੍ਰਸਿੱਧ ਹਨ। ਇਹਨਾਂ ਗੁਫਾਵਾਂ ਵਿੱਚ ਵੱਡੇ-ਵੱਡੇ ਖੂਬਸੂਰਤ ਚਿੱਤਰ ਬਣੇ ਹੋਏ ਹਨ। ਇਹਨਾਂ ਗੁਫਾਵਾਂ ਦਾ ਨਿਰਮਾਣ 300 ਈਃ ਦੇ ਆਰੰਭ ਵਿੱਚ ਹੋਇਆ ਅਤੇ 1300 ਈਃ ਵਿੱਚ ਪੂਰਾ ਹੋਇਆ। ਏਲੋਰਾ ਵਿੱਚ ਲਗਭਗ 36 ਗੁਫਾਵਾਂ ਹਨ ਜੋ ਪਹਾੜਾਂ ਤੇ ਦੂਰ-ਦੂਰ ਤਕ ਫੈਲੀਆਂ ਹੋਈਆਂ ਹਨ।

ਵਿਸ਼ਵ ਦੀ ਸਭ ਤੋਂ ਲੰਮੀ ਗੁਫਾ ਪ੍ਰਣਾਲੀ ਅਮਰੀਕਾ ਦੇ ਕੇਂਟਕੀ ਨਾਮਕ ਸਥਾਨ ਵਿੱਚ ਹੈ ਜੋ ਮੈਮਥ ਕੇਵ ਨੇਸ਼ਨਲ ਪਾਰਕ ਦੇ ਹੇਠਾਂ ਹੈ। ਉਹਨੂੰ ਸੰਨ 1799 ਵਿੱਚ ਖੋਜਿਆ ਗਿਆ ਸੀ। 9 ਸਤੰਬਰ 1972 ਦੇ ਇਕ ਖੋਜੀ ਦਲ ਨੇ ਫਿਲਟ ਰਿਜ ਗੁਫਾ ਪ੍ਰਣਾਲੀ ਅਤੇ ਮੈਮਥ ਗੁਫਾ ਪ੍ਰਣਾਲੀ ਦਾ ਮਿਲਿਆ-ਜੁਲਿਆ ਅਧਿਐਨ ਕੀਤਾ। ਉਪਰੋਕਤ ਸੰਯੁਕਤ ਗੁਫਾ ਪ੍ਰਣਾਲੀ ਦੇ ਜੋ ਨਕਸ਼ੇ ਬਣਾਏ ਗਏ ਸਨ ਉਹਨਾਂ ਦੇ ਰਾਹਾਂ ਦੀ ਕੁਲ ਲੰਬਾਈ 530 ਮੀਟਰ ਤੋਂ ਵੀ ਜ਼ਿਆਦਾ ਸੀ।


ਅਮਰੀਕਾ ਵਿੱਚ ਫਿਲਿਟ ਰਿਜ ਕੇਵ ਸਿਸਟਮ 116 ਮੀਟਰ ਤੋਂ ਵੀ ਜ਼ਿਆਦਾ ਲੰਮੀ ਗੁਫਾ ਹੈ।

ਵਿਸ਼ਵ ਦੀ ਸਭ ਤੋਂ ਵੱਡੀ ਗੁਫਾ ਸਾਵਾਕ ਚੈਂਬਰ, ਲੁਬਾਂਗ ਨਾਸਿਬ ਬਾਗਸ ਹੈ। ਸਾਰਾਵਾਕ ਦੇ ਗੁਨੰਗਮੁਲੁ ਨੇਸ਼ਨਲ ਪਾਰਕ ਵਿੱਚ ਸਥਿਤ ਇਸ ਗੁਫਾ ਦੀ ਲੰਬਾਈ 700 ਮੀਟਰ ਅਤੇ ਔਸਤ ਚੌੜਾਈ 30 ਮੀਟਰ ਹੈ। ਇਸਦੀ ਚੌੜਾਈ ਕਿਤੇ ਵੀ 70 ਮੀਟਰ ਤੋਂ ਘੱਟ ਨਹੀਂ ਹੈ। ਇਸਦੀ ਖੋਜ ਅਤੇ ਸਰਵੇਖਣ 1980 ਵਿੱਚ ਬ੍ਰਿਟਿਸ਼ ਮਲੇਸ਼ੀਆਈ ਸੰਯੁਕਤ ਮੁਹਿੰਮ ਦੁਆਰਾ ਹੋਈ।

ਬ੍ਰਿਟਿਸ਼ ਖੋਜੀਆਂ ਨੇ ਵਿਯਤਨਾਮ ਦੇ ਜੰਗਲ ਵਿੱਚ ਵਿਸ਼ਵ ਦੀ ਇਕ ਵੱਡੀ ਗੁਫਾ ਨੂੰ ਖੋਜਣ ਦਾ ਦਾਅਵਾ ਕੀਤਾ ਹੈ। ਇਹ ਗੁਫਾ 650 ਫੁਟ ਉਚੀ ਅਤੇ 550 ਫੁਟ ਚੌੜੀ ਹੈ। ਵਿਯਤਨਾਮ ਵਿੱਚ ਖੋਜੀ ਗਈ ਇਹ ਹਾਂਗ ਸੋਨ ਡੂੰਗ ਗੁਫਾ ਮਲੇਸ਼ੀਆ ਦੇ ਸਾਰਾਵਕ ਸਥਿਤ ਡੇਰ ਗੁਫਾ ਤੋਂ ਵੱਡੀ ਹੈ। ਡੇਰ ਗੁਫਾ 10 ਗਜ ਚੌੜੀ ਅਤੇ 100 ਗਜ ਤੋਂ ਜ਼ਿਆਦਾ ਉਚੀ ਹੈ ਅਤੇ ਇਸਦੀ ਪਹਿਚਾਨ ਹੁਣ ਤਕ ਵਿਸ਼ਵ ਦੀ ਸਭ ਤੋਂ ਵੱਡੀ ਗੁਫਾ ਦੇ ਰੂਪ ਵਿੱਚ ਕੀਤੀ ਗਈ ਹੈ। ਇਸਦਾ ਸਰਵੇ ਕੀਤਾ ਜਾ ਰਿਹਾ ਹੈ ਲੇਕਿਨ ਸ਼ੁਰੂਆਤੀ ਅਨੁਮਾਨ ਤੋਂ ਪਤਾ ਚਲਦਾ ਹੈ ਕਿ ਗੁਫਾ ਦਾ ਮੁਖ ਮਾਰਗ 200 ਮੀਟਰ ਉਚੱਾ ਹੈ। ਗੁਫਾ ਦਾ ਰਾਹ ਵੀ 100 ਮੀਟਰ ਤੋਂ ਵੱਧ ਚੌੜਾ ਹੈ ਲੇਕਿਨ ਇਸਦਾ ਕੁਝ ਹਿੱਸਾ 150 ਮੀਟਰ ਤੋਂ ਵੀ ਜ਼ਿਆਦਾ ਚੌੜਾ ਹੈ।

ਜਿਥੋਂ ਤਕ ਸਭ ਤੋਂ ਡੂੰਘੀ ਗੁਫਾ ਦਾ ਪ੍ਰਸ਼ਨ ਹੈ, ਉਹ 'ਗੁਫਰੇਡੀ ਲਾ ਪਿਯਰੇਸੇਟ' ਹੈ। ਇਹ ਫ੍ਰਾਂਸ ਅਤੇ ਸਪੇਨ ਦੀ ਸੀਮਾ ਤੇ ਹੈ। ਇਹ 4300 ਫੁੱਟ ਡੂੰਘੀ ਹੈ।

ਜਿਥੋਂ ਤਕ ਪਾਣੀ ਦੇ ਅੰਦਰ ਗੁਫਾ ਦਾ ਪ੍ਰਸ਼ਨ ਹੈ, ਮੇਕਸੀਕੋ ਦੇ ਕਵਿੰਤਾਨਾ ਵਿੱਚ ਨੌਹੋਚ ਨਾਚਿਚ ਕੰਦਰਾ ਸ਼੍ਰੇਣੀ ਵਿੱਚ ਸਭ ਤੋਂ ਲੰਮੀ ਪਾਣੀ ਵਿੱਚਕਾਰ ਗੁਫਾ ਹੈ। ■





❑ ਵਿਜੈਪ੍ਰਕਾਸ਼

# ਸ਼ਿਵਾ ਜੀ ਦਾ ਸਾਹਸ

ਬਾਲਕ ਸ਼ਿਵਾ ਜੀ ਤੇ ਸਮਰਥ ਗੁਰੂ ਰਾਮਦਾਸ ਜੀ ਦੀ ਦ੍ਰਿਸ਼ਟੀ ਪਈ। ਸ਼ਿਵਾ ਜੀ ਦਾ ਸਰੀਰ ਤਾਂ ਦੁਰਲਭ ਸੀ ਪਰ ਅਦਭੁਤ ਸਾਹਸ ਭਰਿਆ ਹੋਇਆ ਮਨੋਬਲ ਵੀ ਸੀ, ਜੋ ਹਰ ਮੁਸ਼ਕਿਲ ਕੰਮ ਨੂੰ ਸਰਲ ਬਣਾਉਣ ਦੀ ਸਮਰੱਥਾ ਰੱਖਦਾ ਸੀ। ਸਮਰਥ ਗੁਰੂ ਦੇ ਹਿਰਦੇ ਵਿੱਚ ਇਹ ਇੱਛਾ ਸਦਾ ਰਹਿੰਦੀ ਸੀ ਕਿ ਸ਼ਿਵਾ ਜੀ ਦੇ ਆਤਮਬਲ ਅਤੇ ਸਾਹਸ ਨੂੰ ਸਮਰਪਿਤ ਭਾਵ ਨਾਲ ਕੰਮ ਪੂਰਾ ਕਰਨ ਲਈ ਤਿਆਰ ਕਰਕੇ, ਰਾਸ਼ਟਰ ਦੀ ਅਜ਼ਾਦੀ ਦੇ ਮਕਸਦ ਵਿੱਚ ਲਗਾਇਆ ਜਾ ਸਕਦਾ ਹੈ। ਉਹਨਾਂ ਨੇ ਸ਼ਿਵਾ ਜੀ ਨਾਲ ਸੰਪਰਕ ਵਧਾਇਆ ਅਤੇ ਉਹ ਸਮਰਥ ਦੇ ਸਤਿਸੰਗ ਵਿੱਚ ਖੁਸ਼ੀ-ਖੁਸ਼ੀ ਹਿੱਸਾ ਲੈਣ ਲੱਗੇ। ਸਮਰਥ ਰਾਮਦਾਸ ਦੇ ਮਨ ਨੂੰ ਲੱਗਾ ਕਿ ਸ਼ਿਵਾ ਜੀ ਮੇਰੇ ਕੰਮ ਦਾ ਵਿਅਕਤੀ ਹੈ।

ਫਿਰ ਵੀ ਸ਼ਿਵਾ ਜੀ ਨੂੰ ਪਰਖਣ ਲਈ ਉਹਨਾਂ ਨੇ ਨਿਸ਼ਚਾ ਕੀਤਾ। ਤਾਂਕਿ ਆਪਣੀ ਦੈਵੀ ਸ਼ਕਤੀ ਪ੍ਰਦਾਨ ਕਰਨ ਤੋਂ ਪਹਿਲਾਂ ਉਹਨੂੰ ਭਲੀ-ਭਾਂਤ ਪਰਖ ਲਿਆ ਜਾਵੇ। ਅਜਿਹੀ ਪ੍ਰਬਲ ਯੋਜਨਾ ਨੂੰ ਉਹ ਸਾਕਾਰ ਰੂਪ ਦੇਣਾ ਚਾਹੁੰਦੇ ਸਨ।

ਇਕ ਦਿਨ ਉਹਨਾਂ ਨੇ ਆਪਣੀ ਅੱਖ ਦੇ ਦਰਦ ਦਾ ਬਹਾਨਾ ਬਣਾਇਆ ਅਤੇ ਸ਼ਿਵਾ ਜੀ ਨੂੰ ਕਿਹਾ – ਮੈਨੂੰ ਬਹੁਤ ਤਕਲੀਫ ਹੈ, ਅਗਰ ਛੇਤੀ ਹੀ ਇਸ ਦਾ ਇਲਾਜ ਨਾ ਹੋਇਆ ਤਾਂ ਮੇਰੀਆਂ ਅੱਖਾਂ ਦੀ ਰੋਸ਼ਨੀ ਚਲੀ ਜਾਵੇਗੀ।

ਸ਼ਿਵਾ ਜੀ ਨੇ ਕਿਹਾ - ਗੁਰੂਦੇਵ ! ਮੈਂ ਇਸ ਰੋਗ ਦੇ ਇਲਾਜ ਦਾ ਜਾਣਕਾਰ ਨਹੀਂ ਹਾਂ। ਆਪ ਹੀ ਕੋਈ ਉਪਾਅ ਦੱਸੋ। ਮੈਂ ਉਹਨੂੰ ਪੂਰਾ ਕਰਨ ਦਾ ਹਰ ਸੰਭਵ ਯਤਨ ਕਰਾਂਗਾ।

ਸਮਰਥ ਰਾਮਦਾਸ ਬੋਲੇ- ਅਗਰ ਸ਼ੇਰਨੀ ਦਾ ਦੁੱਧ ਅੱਖ ਵਿੱਚ ਪਾਇਆ ਜਾਏ ਤਾਂ ਅੱਖ ਠੀਕ ਹੋ ਸਕਦੀ ਹੈ। ਸਾਹਮਣੇ ਵਾਲੀ ਗੁਫਾ ਵਿੱਚ ਇਕ ਸ਼ੇਰਨੀ ਨੇ ਬੱਚਿਆਂ ਨੂੰ ਜਨਮ ਦਿੱਤਾ ਹੈ। ਅਗਰ ਕੋਈ ਉਥੇ ਜਾਏ ਅਤੇ ਸ਼ੇਰਨੀ ਦਾ ਦੁੱਧ ਲਿਆਏ ਤਾਂ ਕੰਮ ਹੋ ਸਕਦਾ ਹੈ। ਉਹਨਾਂ ਦਾ ਇਸ਼ਾਰਾ ਸ਼ਿਵਾ ਜੀ ਵੱਲ ਸੀ।

ਉਸੇ ਵੇਲੇ ਸ਼ਿਵਾ ਜੀ ਤਿਆਰ ਹੋ ਗਏ। ਉਹ ਬਰਤਨ ਲੈ ਕੇ ਉਸ ਗੁਫ਼ਾ ਵੱਲ ਨਿਡਰਤਾ ਨਾਲ ਅਗੇ ਵਧਣ ਲੱਗੇ। ਰਾਹ ਵਿੱਚ ਉਹ ਇਹੀ ਸੋਚਦੇ ਜਾ ਰਹੇ ਸਨ ਕਿ ਅਗਰ ਸ਼ੇਰਨੀ ਨੇ ਵਾਰ ਕਰਕੇ ਮਾਰ ਦਿੱਤਾ ਤਾਂ ਵੀ ਕੋਈ ਗੱਲ ਨਹੀਂ, ਪਰਉਪਕਾਰ ਲਈ ਜੀਵਨ ਜਾਣ ਤੋਂ ਵੱਡਾ ਸਦਉਪਯੋਗ ਹੋਰ ਕੀ ਹੋ ਸਕਦਾ ਹੈ?

ਸ਼ੇਰਨੀ ਬੱਚਿਆਂ ਨੂੰ ਦੁੱਧ ਪਿਲਾ ਰਹੀ ਸੀ। ਸ਼ਿਵਾ ਜੀ ਨੇ ਮਨ ਹੀ ਮਨ ਵਿੱਚ ਪ੍ਰਾਰਥਨਾ ਕੀਤੀ ਕਿ ਰੱਬ ਐਨੀ ਕਿਰਪਾ ਕਰ ਦਏ ਕਿ ਗੁਰੂ ਜੀ ਦੀਆਂ ਅੱਖਾਂ ਦੀ ਰੋਸ਼ਨੀ ਦੀ ਰੱਖਿਆ ਹੋ ਸਕੇ। ਦੁੱਧ ਦਾ ਪਾਤਰ ਅਗੇ ਵਧਾ ਕੇ ਉਹਨਾਂ ਨੇ ਸ਼ੇਰਨੀ ਦਾ ਦੁੱਧ ਕੱਢਣਾ ਸ਼ੁਰੂ ਕਰ ਦਿੱਤਾ। ਸ਼ੇਰਨੀ ਸ਼ਾਂਤ ਭਾਵ ਨਾਲ ਪਈ ਰਹੀ। ਸ਼ਿਵਾ ਜੀ ਨੇ ਦੁੱਧ ਲੋਟੇ ਵਿੱਚ ਪਾ ਲਿਆ। ਸ਼ੇਰਨੀ ਦੇ ਬੱਚਿਆਂ ਨੇ ਵੀ ਕੋਈ ਹਾਨੀ ਨਹੀਂ ਪਹੁੰਚਾਈ।

ਸ਼ਿਵਾ ਜੀ ਨੇ ਦੁੱਧ ਲਿਆ ਕੇ ਗੁਰੂ ਜੀ ਨੂੰ ਦੇ ਦਿੱਤਾ। ਉਹਨਾਂ ਨੇ ਉਸ ਦੁੱਧ ਦੀਆਂ ਬੂੰਦਾਂ ਅੱਖਾਂ ਵਿੱਚ ਪਾਉਂਦੇ ਹੋਏ ਕਿਹਾ- ''ਮੇਰੀ ਅੱਖ ਠੀਕ ਹੋ ਗਈ, ਦਰਦ ਖਤਮ ਹੋ ਗਿਆ।''ਸਮਰਥ ਗੁਰੂ ਰਾਮਦਾਸ ਜੀ ਨੇ ਸ਼ੇਰਨੀ ਵੀ ਆਪਣੀ ਸਿੱਧੀ ਰਾਹੀਂ ਪੈਦਾ ਕੀਤੀ ਸੀ। ਦੁੱਧ ਲਿਆਉਣਾ ਤਾਂ ਸ਼ਿਵਾ ਜੀ ਦੇ ਸਾਹਸ ਦੀ ਪ੍ਰੀਖਿਆ ਮਾਤਰ ਸੀ, ਜਿਸ ਵਿੱਚ ਸ਼ਿਵਾ ਜੀ ਪਾਸ ਹੋ ਗਏ।

ਸਮਰਥ ਗੁਰੂ ਰਾਮਦਾਸ ਜੀ ਨੇ ਕਦੇ ਵਾਰ ਨਾ ਖਾਲੀ ਜਾਣ ਵਾਲੀ, ਕਦੇ ਹਾਰ ਨਾ ਦੇਣ ਵਾਲੀ ਭਵਾਨੀ ਤਲਵਾਰ ਸ਼ਿਵਾ ਜੀ ਨੂੰ ਭੇਂਟ ਵਿੱਚ ਦਿੱਤੀ ਅਤੇ ਦੇਸ਼ ਦੀ ਅਜ਼ਾਦੀ ਲਈ ਸੰਗਠਨ ਬਣਾਉਣ ਅਤੇ ਸੰਘਰਸ਼ ਕਰਨ ਦੀ ਸ਼ੁਭ ਅਸ਼ੀਸ਼ ਦਿਤੀ। ਐਨੇ ਮਹੱਤਵਪੂਰਨ ਕਾਰਜ ਲਈ ਜਿਸ ਚੋਣ ਦੀ ਲੋੜ ਸੀ, ਉਹ ਪੂਰੀ ਹੋ ਗਈ ਸੀ।

ਗੁਰੂ ਦੀ ਕਠਿਨ ਪ੍ਰੀਖਿਆ ਤੇ ਖਰੇ ਉਤਰੇ ਸ਼ਿਵਾ ਜੀ ਦਾ ਮਨ ਖੁਸ਼ੀ ਨਾਲ ਭਰਿਆ ਹੋਇਆ ਸੀ। ■



ਪੈਦਲ ਧਿਆਨਪੁਰੀ

# ਕੱਛੂਕੰਮਾ

ਇੱਕ ਦਿਨ ਆਖੇ ਸ਼ੀਤੂ ਤੇ ਪੰਮਾ।
ਆਉ ! ਦਿਖਾਵਾਂ ਕੱਛੂਕੰਮਾ।

ਛੱਪੜਾਂ-ਟੋਭਿਆਂ ਦੇ ਵਿੱਚ ਰਹਿੰਦਾ।
ਕਿਸੇ ਨੂੰ ਇਹ ਕੁਝ ਵੀ ਨਾ ਕਹਿੰਦਾ।

ਰੇਤ ਦੇ ਵਿਚ ਇਹ ਆਂਡੇ ਦਿੰਦਾ।
ਲੋਕਾਂ ਦੇ ਇਹ ਠੁੱਡੇ ਸਹਿੰਦਾ।

ਬਿਲਕੁਲ ਉਸ ਦੀ ਧੀਮੀ ਚਾਲ।
ਘੜਨ ਵਾਲੇ ਦਾ ਖ਼ੂਬ ਕਮਾਲ।

ਜਦੋਂ ਸੋਚੇ ਕੋਈ ਖਤਰਾ ਆਇਆ।
ਉਸ ਨੇ ਆਪਣਾ ਰੂਪ ਵਟਾਇਆ।

ਆਪਣੀ ਮੌਜ 'ਚ ਮਸਤ ਇਹ ਰਹਿੰਦਾ।
'ਪੈਦਲ' ਵਰਗਿਆਂ ਨਾਲ ਨਾ ਖਹਿੰਦਾ।



ਬਾਲ ਕਹਾਣੀ :- ਅਮਰਜੀਤ ਚੰਦਰ

# ਰੋਸ਼ਨੀ ਦਾ ਚੌਰਾਹਾ

ਬਰਸਾਤ ਦਾ ਮੌਸਮ ਨਹੀ ਸੀ। ਫਿਰ ਵੀ ਬਹੁਤ ਜ਼ੋਰ ਨਾਲ ਬਾਰਿਸ਼ ਹੋ ਰਹੀ ਸੀ। ਅਗਲੇ ਦਿਨ ਇਮਤਿਹਾਨ ਹੈ। ਇਸ ਲਈ ਅਰੁਣ ਅਤੇ ਗਰਿਮਾ ਪੜ੍ਹ ਰਹੇ ਸਨ ਪਰ ਉਹਨਾਂ ਦਾ ਦਿਲ ਤਾਂ ਬਾਹਰ ਬਾਰਿਸ਼ ਵਿਚ ਨਹਾਉਣ ਅਤੇ ਘੁੰਮਣ ਦਾ ਕਰ ਰਿਹਾ ਸੀ। ਉਂਝ ਤਾਂ ਦੋਨੋਂ ਅਲੱਗ-ਅਲੱਗ ਬੈਠੇ ਪੜ੍ਹ ਰਹੇ ਸਨ। ਪਰ ਦੋਹਾਂ ਦਾ ਮਨ ਇਕ ਹੀ ਗੱਲ ਕਹਿ ਰਿਹਾ ਸੀ। ਉਹਨਾਂ ਦੇ ਮੰਮੀ ਪਾਪਾ ਅਤੇ ਦਾਦੀ ਦੂਸਰੇ ਕਮਰੇ ਵਿਚ ਬੈਠੇ ਹੋਏ ਸਨ। ਐਨੇ ਨੂੰ ਉਹਨਾਂ ਦੇ ਮੰਮੀ ਨੇ ਕਮਰੇ ਵਿਚ ਆ ਕੇ ਖਿੜਕੀ ਦੇ ਮੋਹਰਿਉਂ ਪਰਦਾ ਹਟਾ ਦਿੱਤਾ। ਬਾਹਰ ਦੇਖਿਆ ਤਾਂ ਦਿਨ ਵਿਚ ਹੀ ਘੁੱਪ ਹਨੇਰਾ ਹੋ ਗਿਆ ਸੀ, ਬਾਹਰ ਲਾਈਟਾਂ ਵੀ ਜਲ ਪਈਆਂ ਸਨ। ਉਹ ਕਮਰੇ ਦੀ ਬੱਤੀ ਜਲਾ ਕੇ ਆਪ ਬਾਹਰ ਚਲੀ ਗਈ ਪਰ ਜਾਂਦੇ-ਜਾਂਦੇ ਹਿਦਾਇਤ ਕਰ ਗਈ ਕਿ ਪੜ੍ਹਾਈ ਧਿਆਨ ਨਾਲ ਕਰੋ। ਐਨੇ ਵਿਚ ਲਾਈਟ ਚਲੀ ਗਈ।

ਦੋਹਾਂ ਨੇ ਇਕ ਦੂਸਰੇ ਵੱਲ ਦੇਖਿਆ ਤਾਂ ਦੋਵੇਂ ਜਣੇਂ ਮੁਸਕਰਾਉਣ ਲੱਗ ਪਏ। ਦੋਵੇਂ ਜਣੇ ਖਿੜਕੀ ਦੇ ਕੋਲ ਜਾ ਕੇ ਖੜੇ ਹੋ ਗਏ। ਉਹਨਾਂ ਨੇ ਖਿੜਕੀ ਖੋਲ ਕੇ ਵੇਖਿਆ ਤਾਂ ਠੰਡੀ ਹਵਾ ਦੇ ਬੁਲ੍ਹੇ ਅੰਦਰ ਆ ਰਹੇ ਸਨ। ਹਵਾ ਦੇ ਬੁਲ੍ਹਿਆਂ ਦੇ ਨਾਲ ਰਿਮਝਿਮ ਵੀ ਸਾਰਿਆਂ ਨੂੰ ਗਿੱਲਾ ਕਰ ਰਹੀ ਸੀ। ਕੁਝ ਦੇਰ ਬਾਅਦ ਮੰਮੀ ਮੋਮਬੱਤੀ ਹੱਥ ਵਿਚ ਲਈ ਅੰਦਰ ਆ ਰਹੀ ਸੀ। ਉਸ ਨਾਲ ਪੜ੍ਹਨ ਵਾਲਾ ਚਾਨਣ ਤਾਂ ਅੰਦਰ ਨਹੀ ਹੋਇਆ ਪਰ ਹਾਂ ਇਕ ਦੂਜੇ ਦੇ ਚਿਹਰੇ ਜ਼ਰੂਰ ਨਜ਼ਰ ਆ ਰਹੇ ਸਨ। ਬਾਹਰ ਤੋਂ ਪਾਪਾ ਦੀ ਅਵਾਜ਼ ਆਈ 'ਅਰੁਣ ! ਗਰਿਮਾ ! ਬਾਹਰ ਆ ਜਾਉ।'

ਦੋਨੋ ਬਾਹਰ ਵਾਲੇ ਕਮਰੇ ਵਿਚ ਚਲੇ ਗਏ। ਉਹਨਾਂ ਨੇ ਸੁਣਿਆਂ ਕਿ ਪਾਪਾ ਦਾਦੀ ਨੂੰ ਕਹਿ ਰਹੇ ਸਨ ਕਿ "ਮਾਂ ਇਹ ਤਾਂ ਮੁਸ਼ਕਿਲ ਹੋ ਗਿਆ, ਕੱਲ ਬੱਚਿਆਂ ਦੇ ਇਮਤਿਹਾਨ ਹਨ। ਹੁਣ ਕੀ ਹੋਵੇਗਾ? ਦਾਦੀ ਨੇ ਮੁਸਕਰਾਉਂਦੇ ਹੋਏ ਕਿਹਾ - ਰਮੇਸ਼ ਤੁਸੀਂ ਭੁੱਲ ਗਏ ਕਿ ਸਾਡੇ ਪਿੰਡ ਬਿਜਲੀ ਨਹੀ ਸੀ ਅਤੇ ਤੁਸੀਂ ਕਈ ਸਾਲ ਲਾਲਟੇਨ ਦੀ ਰੋਸ਼ਨੀ ਨਾਲ ਪੜ੍ਹਦੇ ਰਹੇ।

ਅਰੁਣ ਦੇ ਪਾਪਾ ਨੇ ਕਿਹਾ, ਮਾਂ ਬਚਪਨ ਦੇ ਦਿਨ ਤਾਂ ਮੈ ਕਦੋਂ ਦਾ ਭੁੱਲ ਚੁੱਕਾਂ ਹਾਂ ਅਤੇ ਅਰੁਣ ਅਤੇ ਗਰਿਮਾ ਤਾਂ ਕਦੇ ਪਿੰਡ ਗਏ ਹੀ ਨਹੀ। ਦਾਦੀ ਨੇ ਕਿਹਾ- ਮੈਨੂੰ ਤਾਂ ਉਹ ਦਿਨ ਕਦੇ ਭੁੱਲ ਹੀ ਨਹੀ ਸਕਦੇ। ਬਹੁਤ ਦੇਰ ਹੋ ਗਈ, ਅਜੇ ਤਕ ਲਾਈਟ ਨਹੀ ਸੀ ਆਈ। ਅਰੁਣ ਨੇ ਆਪਣੀ ਮਾਂ ਲਤਾ ਨੂੰ ਕਿਹਾ - ਲਗਦਾ ਹੈ ਕਿ ਬਿਜਲੀ ਜਲਦੀ ਆਉਣ ਵਾਲੀ ਨਹੀ ਹੈ। ਏਨੇ ਨੂੰ ਦਾਦੀ ਉਠ ਕੇ ਰਸੋਈ ਵਿਚ ਚਲੀ ਗਈ। ਕੁਝ ਦੇਰ ਬਾਅਦ ਇਕ ਥਾਲੀ ਵਿਚ ਆਟਾ ਅਤੇ ਇਕ ਗਿਲਾਸ ਪਾਣੀ ਲੈ ਕੇ ਆ ਗਈ। ਲਤਾ, ਰਮੇਸ਼, ਅਰੁਣ ਅਤੇ ਗਰਿਮਾ ਚੁੱਪਚਾਪ ਉਸ ਨੂੰ





ਵੇਖ ਰਹੇ ਸਨ। ਉਹਨਾਂ ਨੂੰ ਕੁਝ ਸਮਝ ਨਹੀ ਆ ਰਿਹਾ ਸੀ ਕਿ ਗੱਲ ਤਾਂ ਬਿਜਲੀ ਦੀ ਹੋ ਰਹੀ ਹੈ ਤੇ ਦਾਦੀ ਆਟੇ ਵਾਲੀ ਥਾਲੀ ਅਤੇ ਪਾਣੀ ਦਾ ਗਿਲਾਸ ਲੈ ਕੇ ਵਿਚ ਬੈਠ ਗਈ ਹੈ। ਦਾਦੀ ਚੁੱਪ-ਚਾਪ ਆਪਣਾ ਖੇਲ ਕਰਦੀ ਹੋਈ ਕਮਰੇ ਵਿਚ ਗਈ ਤਾਂ ਕਮਰੇ ਵਿਚ ਇਕ ਗਾਣੇ ਦੀ ਅਵਾਜ਼ ਗੂੰਜਣ ਲੱਗ ਗਈ। ਦਾਦੀ ਆਪਣੇ ਹੱਥਾਂ ਨਾਲ ਆਟੇ ਵਿਚ ਪਾਣੀ ਪਾ ਕੇ ਉਸ ਨੂੰ ਮਿਕਸ ਕਰਨ ਵਿਚ ਮਸਤ ਹੋ ਗਈ।

ਆਖਿਰ ਰਮੇਸ਼ ਤੋਂ ਚੁੱਪ ਨਾ ਰਿਹਾ ਗਿਆ। ਉਸ ਨੇ ਮਾਂ ਨੂੰ ਕਿਹਾ ਕਿ ਇਹ ਕਿਹੋ ਜਿਹਾ ਖੇਡ-ਖੇਡ ਰਹੇ ਹੋ। ਸਾਨੂੰ ਵੀ ਤਾਂ ਕੁਝ ਦੱਸੋ। ਦਾਦੀ ਨੇ ਕਿਹਾ ਲਾਈਟ ਨਹੀ ਹੈ ਅਤੇ ਕੱਲ ਬੱਚਿਆਂ ਦਾ ਇਮਤਿਹਾਨ ਹੈ, ਇਸ ਕਰਕੇ ਇਹਨਾਂ ਦੀ ਪੜਾਈ ਜ਼ਰੂਰੀ ਹੈ। ਦੇਖੋ ਸ਼ਾਇਦ ਕੁਝ ਹੋ ਜਾਏ। ਫਿਰ ਤੋਂ ਆਟੇ ਵਿਚ ਹੱਥ ਪਾ ਕੇ ਉਸ ਨੂੰ ਮਿਕਸ ਕਰਨ ਵਿਚ ਮਸਤ ਹੋ ਗਈ।ਸਭ ਚੁੱਪ-ਚਾਪ ਬੈਠ ਗਏ। ਦਾਦੀ ਦੇ ਹੱਥ ਆਟੇ ਵਿਚ ਚਲ ਰਹੇ ਸਨ। ਦੇਖਦੇ ਹੀ ਦੇਖਦੇ ਦਾਦੀ ਨੇ ਆਟੇ ਦਾ ਦੀਵਾ ਬਣਾ ਕੇ ਰੱਖ ਦਿੱਤਾ।

ਇਸ ਦੌਰਾਨ ਲਤਾ ਸਮਝ ਗਈ ਸੀ ਕਿ ਦੀਵੇ ਲਈ ਸਰੋਂ ਦਾ ਤੇਲ ਵੀ ਚਾਹੀਦਾ ਹੈ। ਉਹ ਰਸੋਈ ਚੋਂ ਸਰੋਂ ਦੇ ਤੇਲ ਦੀ ਬੋਤਲ ਲੈ ਆਈ। ਦਾਦੀ ਨੇ ਆਟੇ ਦੇ ਦੀਵੇ ਵਿਚ ਤੇਲ ਭਰ ਦਿੱਤਾ। ਦਾਦੀ ਨੇ ਦੀਵੇ ਦੇ ਚਾਰ ਕੋਨੇ ਬਣਾਂ ਕੇ ਰੂੰ ਦੀ ਬੱਤੀਆਂ ਬਣਾ ਕੇ ਸਰੋਂ ਦੇ ਤੇਲ ਵਿਚ ਡੁਬੋ ਦਿੱਤੀਆਂ। ਰਮੇਸ਼ ਰਸੋਈ ਵਿਚ ਗਿਆ ਤੇ ਮਾਚਿਸ ਲੈ ਆਇਆ। ਦਾਦੀ ਨੇ ਬੱਤੀਆਂ ਜਲਾ ਦਿੱਤੀਆਂ ! ਕਮਰੇ ਵਿਚ ਚਾਨਣ ਹੀ ਚਾਨਣ ਹੋ ਗਿਆ।

ਕਮਰੇ ਵਿਚ ਬੈਠੇ ਸਾਰੇ ਤਾੜੀਆਂ ਮਾਰ ਮਾਰ ਕੇ ਹੱਸਣ ਲਗੇ। ਦਾਦੀ ਦੇ ਦੀਵੇ ਨੇ ਜਿਵੇਂ ਜਾਦੂ ਹੀ ਕਰ ਦਿੱਤਾ ਹੋਵੇ। ਦਾਦੀ ਵੀ ਮੁਸਕੁਰਾ ਰਹੀ ਸੀ। ਦਾਦੀ ਨੇ ਕਿਹਾ- ਪਿੰਡਾਂ ਵਿਚ ਬਿਜਲੀ ਦੀ ਬਹੁਤ ਦਿੱਕਤ ਹੁੰਦੀ ਸੀ। ਅਸੀਂ ਆਟੇ ਦੇ ਦੀਵੇ ਬਣਾ ਕੇ ਹੀ ਬੱਚਿਆਂ ਨੂੰ ਪੜਾਉਂਦੇ ਸੀ। ਇਹ ਚੌਰਾਹਾ ਦੀਵਾ ਬੱਚਿਆਂ ਦੀ ਪੜਾਈ ਵਿਚ ਬਹੁਤ ਸਹਾਇਕ ਹੁੰਦਾ ਸੀ। ਰੋਸ਼ਨੀ ਦਾ ਚੌਰਾਹਾ।

ਰਮੇਸ਼ ਨੇ ਕਿਹਾ- ਤੁਸੀਂ ਇਸ ਨੂੰ ਰੋਸ਼ਨੀ ਦਾ ਚੌਰਾਹਾ ਕਿਉਂ ਕਹਿੰਦੇ ਹੋ?

ਦਾਦੀ ਨੇ ਹੱਸ ਕੇ ਕਿਹਾ - ਤਾਂ ਫਿਰ ਇਸ ਨੂੰ ਕੀ ਕਹਾਂ? ਤੁਸੀਂ ਦੇਖੋ ਕਿਸ ਤਰ੍ਹਾਂ ਆਪਣੇ ਚਾਰੇ ਪਾਸੇ ਹਨੇਰੇ ਨੂੰ ਦੂਰ ਕਰਕੇ ਕਿਵੇਂ ਚਾਨਣ ਫੈਲਾ ਰਿਹਾ ਹੈ।

ਏਨੇ ਨੂੰ ਅਰੁਣ ਅਤੇ ਗਰਿਮਾ ਆਪਣੇ ਕਮਰੇ ਵਿੱਚੋਂ ਕਿਤਾਬਾ ਲੈ ਕੇ ਆ ਗਏ। ਰੋਸ਼ਨੀ ਦੇ ਵਿਚ ਉਹ ਦੋਨੋਂ ਆਪਣੀ ਪੜਾਈ ਵਿਚ ਮਸਤ ਹੋ ਗਏ। ਹੁਣ ਉਹਨਾਂ ਨੂੰ ਪੜਨ ਵਿਚ ਕੋਈ ਦਿੱਕਤ ਨਹੀ ਆ ਰਹੀ ਸੀ। ਦੀਵੇ ਨੇ ਚਾਰੇ ਪਾਸੇ ਚਾਨਣ ਹੀ ਚਾਨਣ ਕਰ ਦਿੱਤਾ ਸੀ। ਬੱਚੇ ਆਪਣੀ ਪੜਾਈ ਵਿਚ ਡੁੱਬੇ ਹੋਏ ਸਨ। ਰੋਸ਼ਨੀ ਦਾ ਚੌਰਾਹਾ ਆਪਣੇ ਆਲੇ ਦੁਆਲੇ ਹਨੇਰੇ ਨੂੰ ਭਜਾ ਕੇ ਚਾਰੇ ਪਾਸੇ ਰੋਸ਼ਨੀ ਕਰ ਰਿਹਾ ਸੀ। ■

# ਰੰਗ ਭਰੋ





ਨਾਂ ............................................................................ਉਮਰ..........

ਪੂਰਾ ਪਤਾ.................................................................................

..............................................................................................

..............................................................................................

# ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਅਨੁਰਾਜਦੀਪ ਸਿੰਘ (ਉਮਰ 8 ਸਾਲ)
ਪਿੰਡ ਖਾਨਪੁਰ
ਡਾਕਖਾਨਾ – ਬੁਤਾਲਾ,
ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ)

**ਦੂਸਰਾ ਨੰ :**

ਸਿਮਰਨ ਸਿੰਘ ਗਰੇਵਾਲ (ਉਮਰ 10 ਸਾਲ)
ਪਿੰਡ : ਦਰੋਗੇਵਾਲ
ਡਾਕਖਾਨਾ : ਬੈਂਭੌਰਾ,
ਜ਼ਿਲ੍ਹਾ ਸੰਗਰੂਰ (ਪੰਜਾਬ)

**ਤੀਸਰਾ ਨੰ :**

ਭੱਵਿਤਾ (ਉਮਰ 13 ਸਾਲ)
ਪਿੰਡ ਤੇ ਡਾਕਖਾਨਾ : ਚਵਿੰਡਾ ਦੇਵੀ
ਜਿਲਾ : ਅੰਮ੍ਰਿਤਸਰ (ਪੰਜਾਬ)

## ਪਸੰਦ ਕੀਤੇ ਗਏ –

ਅਨੰਨਿਆ ਗਰਗ (ਲਹਿਰਾਗਾਗਾ),
ਅਮ੍ਰਿਤ ਖੁਰਾਨਾ (ਜਲੰਧਰ),
ਗੁਰਲੀਨ ਕੌਰ (ਡੱਫਰ),
ਸੁਨੀਤਾ (ਨਵਾਂ ਸ਼ਹਿਰ),
ਵਿਧਿਤ ਬਜਾਜ (ਖੁਸ਼ਹਾਲਪੁਰ),
ਸੁਦੀਕਸ਼ਾ (ਰੂਪ ਨਗਰ),
ਯਸ਼ਿਕਾ ਭੋਲਾ (ਡੇਰਾ ਬਾਬਾ ਨਾਨਕ),
ਨਿਤਿਨ ਕੰਡਾ (ਤਲਵੰਡੀ ਭਾਈ),
ਸ਼ੁਭਮ (ਪੁਰਹੀਰਾ),
ਸਿਮਰਨਜੀਤ (ਭਾਦਲਾ ਨੀਚਾ),
ਵਿਸ਼ਵਪ੍ਰੀਤ ਸਿੰਘ (ਅਮਰਾਲੀ),
ਤੇਜਲ ਅਰੋੜਾ (ਮੋਗਾ),
ਗੁਰਲਾਲ ਸਿੰਘ (ਹੀਰੋ ਖੁਰਦ),
ਸਰਬਜੀਤ ਕੌਰ (ਜਗਰਾਉਂ),
ਵੰਸ਼ਿਕਾ (ਬੁਢਲਾਡਾ),
ਏਕਤਾ (ਹਰੀਕੇ ਪੱਤਣ),
ਸਿਮਰਨ ਕੌਰ (ਧਰਮਪੁਰਾ),
ਸੁਖਪ੍ਰੀਤ ਸਿੰਘ (ਮਾਨਸਾ),
ਹੈਵਨ ਸੁਮਨ (ਫਗਵਾੜਾ),
ਮੋਹਿਤ (ਤਲਵੰਡੀ ਭਾਈ),
ਜਸਨੂਰਪ੍ਰੀਤ (ਜਗਰਾਉਂ)



## ਜਨਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ


ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜਨਵਰੀ 2019 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਾਰਚ 2019 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਬਾਲ ਕਥਾ : ਭੂਸ਼ਣਦਾਸ

# ਬੂਚੀਲਾਲ ਦੀ ਚਤੁਰਾਈ




ਪਿੰਡ ਤੋਂ ਕੁਝ ਦੂਰ ਬੰਜਰ ਭੂਮੀ ਵਿੱਚ ਚੂਹਿਆਂ ਦੇ ਪਰਿਵਾਰ ਰਹਿੰਦੇ ਸਨ। ਉਹ ਕੋਲ ਦੇ ਖੇਤਾਂ ਵਿੱਚ ਬੇਕਾਰ ਪਿਆ ਅਨਾਜ ਖਾ ਕੇ ਆਪਣਾ ਗੁਜਾਰਾ ਕਰਦੇ ਸਨ।

ਇਕ ਦਿਨ ਉਥੇ ਇਕ ਖਤਰਨਾਕ ਕਾਲਾ ਸੱਪ ਆ ਕੇ ਆਤੰਕ ਮਚਾਉਣ ਲੱਗਾ। ਆਪਣੀ-ਆਪਣੀ ਜਾਨ ਬਚਾ ਕੇ ਚੂਹੇ ਇਧਰ-ਉਧਰ ਭੱਜਣ ਲੱਗੇ।

ਬੁਚੀਲਾਲ ਨਾਮ ਦਾ ਚੂਹਾ ਆਪਣੀ ਚੂਹੀ ਮਾਂ ਦੇ ਨਾਲ ਕਿਸੇ ਸੁਰੱਖਿਅਤ ਸਥਾਨ ਵੱਲ ਭੱਜਣ ਲੱਗਾ।

ਇਕ ਸੁੱਕੇ ਤਾਲਾਬ ਦੇ ਵਿੱਚ ਇਕ ਛੋਟਾ-ਜਿਹਾ ਟੀਲਾ ਸੀ। ਬੁਚੀਲਾਲ ਆਪਣੀ ਮਾਂ ਦੇ ਨਾਲ ਉਸ ਟੀਲੇ ਤੇ ਚੜ ਗਿਆ।

ਫਿਰ ਉਹਨਾਂ ਨੇ ਰਹਿਣ ਦੇ ਲਈ ਉਸ ਟੀਲੇ ਵਿੱਚ ਖੁੱਡ ਖੋਦਣੀ ਸ਼ੁਰੂ ਕੀਤੀ।



ਤਦੇ ਆਕਾਸ਼ ਵਿੱਚ ਕਾਲੇ-ਕਾਲੇ ਬੱਦਲ ਛਾਏ। ਤੇਜ ਹਵਾਵਾਂ ਚੱਲਣ ਲੱਗੀਆਂ। ਬਿਜਲੀ ਚਮਕਣ ਲੱਗੀ ਅਤੇ ਬੱਦਲ ਗਰਜਣ ਲੱਗੇ। ਫਿਰ ਥੋੜੀ ਦੇਰ ਵਿੱਚ ਮੂਸਲਾਧਾਰ ਵਰਖਾ ਸ਼ੁਰੂ ਹੋ ਗਈ।

ਥੋੜੀ ਦੇਰ ਵਿੱਚ ਹੀ ਤਾਲਾਬ ਵਿੱਚ ਪਾਣੀ ਭਰ ਗਿਆ। ਖੁੱਡ ਵਿੱਚ ਵੀ ਪਾਣੀ ਭਰ ਜਾਣ ਨਾਲ ਚੂਹੀ ਅਤੇ ਬੁਚੀਲਾਲ ਟੀਲੇ ਤੇ ਬੈਠ ਗਏ।

ਹਵਾ ਦੇ ਝੌਂਕੇ ਅਤੇ ਵਰਖਾ ਦੀਆਂ ਠੰਡੀਆਂ-ਠੰਡੀਆਂ ਬੂੰਦਾਂ ਨਾਲ ਉਹ ਥਰ-ਥਰ ਕੰਬ ਰਹੇ ਸਨ। ਬੁਚੀਲਾਲ ਆਪਣੀ ਮਾਂ ਦੀ ਗੋਦ ਵਿੱਚ ਦੁਬਕ ਗਿਆ ਸੀ।

- ਮਾਂ ਤਾਲਾਬ ਵਿੱਚ ਲਗਾਤਾਰ ਪਾਣੀ ਭਰਦਾ ਜਾ ਰਿਹਾ ਹੈ। ਥੋੜੀ ਦੇਰ ਵਿੱਚ ਇਹ ਟੀਲਾ ਵੀ ਡੁੱਬ ਜਾਏਗਾ, ਤਦ ਕੀ ਹੋਵੇਗਾ? - ਬੁਚੀਲਾਲ ਨੇ ਘਬਰਾ ਕੇ ਕਿਹਾ।

ਬੇਟਾ, ਟੀਲਾ ਅਗਰ ਨਹੀਂ ਵੀ ਡੁੱਬੇਗਾ ਤਾਂ ਵੀ ਅਸੀਂ ਇਥੇ ਭੁੱਖੇ ਮਰ ਜਾਵਾਂਗੇ। ਚਾਰੇ ਪਾਸੇ ਸਮੁੰਦਰ ਦੀ ਤਰ੍ਹਾਂ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ। ਅਸੀਂ ਤੈਰ ਕੇ ਕਿਸੇ ਖੇਤ ਵੱਲ ਵੀ ਨਹੀਂ ਜਾ ਸਕਦੇ ਹਾਂ। ਮੇਰੀ ਤਾਂ ਕੁਝ ਵੀ ਸਮਝ ਵਿੱਚ ਨਹੀਂ ਆ ਰਿਹਾ ਹੈ ਕਿ ਕੀ ਕਰੀਏ। - ਚੂਹੀ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ।

ਤਦੇ ਅਕਾਸ਼ ਵਿੱਚ ਇਕ ਚੀਲ ਮੰਡਰਾਉਣ ਲੱਗੀ। ਵਰਖਾ ਥਮ ਚੁੱਕੀ ਸੀ ਅਤੇ ਚੀਲ ਸ਼ਿਕਾਰ ਦੀ ਟੋਹ ਲੈ ਰਹੀ ਸੀ।

- ਮਾਂ! ਉਪਰ ਵੇਖੋ, ਚੀਲ ਸਾਡੀ ਹੀ ਟੋਹ ਵਿੱਚ ਮੰਡਰਾ ਰਹੀ ਹੈ। ਹੁਣ ਅਸੀਂ ਇਥੋਂ ਭੱਜ ਵੀ ਨਹੀਂ ਸਕਦੇ ਹਾਂ। ਹੁਣ ਅਸੀਂ ਕੀ ਕਰੀਏ?-

- ਸਾਡੀ ਕਿਸਮਤ ਵਿੱਚ ਮੌਤ ਹੀ ਲਿਖੀ ਹੈ

ਬੇਟਾ! ਸੱਪ ਦੇ ਮੂੰਹ ਤੋਂ ਬਚੇ ਤਾਂ ਚੀਲ ਦੇ ਮੂੰਹ ਵਿੱਚ ਜਾਵਾਂਗੇ। ਬਸ, ਹੁਣ ਸਾਨੂੰ ਮੌਤ ਦਾ ਇੰਤਜਾਰ ਕਰਨਾ ਚਾਹੀਦਾ ਹੈ।

ਚੀਲ ਟੀਲੇ ਤੇ ਬੈਠ ਗਈ ਅਤੇ ਬੋਲੀ – ਹੁਣ ਤੁਸੀਂ ਕਿਥੇ ਭੱਜੋਗੇ ਚੂਹਿਉ? ਹੁਣ ਮੈਂ ਤੁਹਾਨੂੰ ਆਰਾਮ ਨਾਲ ਖਾਵਾਂਗੀ।

ਬੁਚੀਲਾਲ ਨੇ ਹਿੰਮਤ ਬੰਨ੍ਹ ਕੇ ਕਿਹਾ– ਚੀਲ ਚਾਚੀ, ਆਪ ਤਾਂ ਆਕਾਸ਼ ਦੀ ਰਾਣੀ ਹੋ। ਆਪ ਸਾਡੇ ਵਰਗੇ ਛੋਟੇ ਜੀਵਾਂ ਨੂੰ ਭਲਾ ਕਿਉਂ ਮਾਰੋਗੀ? ਮਾਰਨਾ ਹੈ ਤਾਂ ਮੋਟੇ ਤਾਜੇ ਸੱਪ ਨੂੰ ਮਾਰੋ।

– ਕੀ ਕਿਹਾ? ਸੱਪ... ਕਿਥੇ ਹੈ ਉਹ, ਜਲਦੀ ਨਾਲ ਦੱਸੋ। – ਚੀਲ ਨੇ ਜੀਭ ਲਪਲਪਾਉਂਦੇ ਹੋਏ ਕਿਹਾ।

– ਚੀਲ ਚਾਚੀ, ਅਸੀਂ ਉਸਦਾ ਪਤਾ ਠਿਕਾਣਾ ਜਾਣਦੇ ਹਾਂ ਅਗਰ ਆਪ ਸਾਨੂੰ ਆਪਣੀ ਪਿੱਠ ਤੇ ਬਿਠਾ ਕੇ.....

– ਨੇਕੀ ਅਤੇ ਪੁੱਛ-ਪੁੱਛ ... ਚਲੋ, ਜਲਦੀ ਨਾਲ ਮੇਰੀ ਪਿੱਠ ਤੇ ਠੀਕ ਤਰ੍ਹਾਂ ਬੈਠ ਜਾਉ। –ਚੀਲ ਨੇ ਕੁਝ ਝੁਕਦੇ ਹੋਏ ਕਿਹਾ।

ਚੂਹੀ ਅਤੇ ਬੁਚੀਲਾਲ ਚੀਲ ਦੀ ਪਿੱਠ ਤੇ ਬੈਠ ਗਏ। ਚੀਲ ਆਕਾਸ਼ ਵਿੱਚ ਉਡ ਪਈ। ਬੁਚੀਲਾਲ ਨੂੰ ਬਹੁਤ ਮਜਾ ਆ ਰਿਹਾ ਸੀ ਜਿਵੇਂ ਹਵਾਈ ਜਹਾਜ ਦੀ ਯਾਤਰਾ ਕਰ ਰਿਹਾ ਹੋਵੇ।

– ਚੀਲ ਚਾਚੀ, ਉਹ ਵੇਖੋ ਕਾਲਾ ਅਤੇ ਮੋਟਾ ਤਾਜਾ ਸੱਪ, ਜੋ ਡੱਡੂਆਂ ਦੇ ਪਿੱਛੇ ਭੱਜ ਰਿਹਾ ਹੈ। –ਬੁਚੀਲਾਲ ਨੇ ਦੱਸਿਆ।

ਚੀਲ ਖੇਤ ਦੀ ਵੱਟ ਤੇ ਉਤਰੀ। ਚੂਹੀ ਅਤੇ ਬੁਚੀਲਾਲ ਝੱਟ ਚੀਲ ਦੀ ਪਿੱਠ ਤੋਂ ਕੁੱਦ ਕੇ ਇਕ ਖੁੱਡ ਵਿੱਚ ਲੁਕ ਗਏ। ਚੀਲ ਨੇ ਸੱਪ ਤੇ ਝਪੱਟਾ ਮਾਰਿਆ। ਦੂਸਰੇ ਹੀ ਪਲ ਸੱਪ ਚੀਲ ਦੇ ਨੌਕੀਲੇ ਪੰਜਿਆਂ ਵਿੱਚ ਜਕੜਿਆ ਹੋਇਆ ਛਟਪਟਾਉਣ ਲੱਗਾ। ਚੀਲ ਸੱਪ ਨੂੰ ਲੈ ਕੇ ਫਿਰ ਆਕਾਸ਼ ਵਿੱਚ ਉਡ ਗਈ।

– ਬੇਟਾ, ਤੇਰੀ ਹੀ ਸੂਝ-ਬੂਝ ਅਤੇ ਚਤੁਰਾਈ ਨਾਲ ਅੱਜ ਸਾਡੀ ਮਾਂ-ਪੁੱਤਰ ਦੀ ਜਾਨ ਬਚੀ। – ਕਹਿ ਕੇ ਚੂਹੀ ਨੇ ਬੁਚੀਲਾਲ ਨੂੰ ਗਲ ਨਾਲ ਲਗਾ ਲਿਆ।



# ਕਦੇ ਨਾ ਭੁੱਲੋ

- ਨਿਰੰਕਾਰ-ਸਤਿਗੁਰੂ ਨੂੰ ਪ੍ਰੀਤ-ਪਿਆਰ ਵਿਚ ਯਾਦ ਕਰਨ ਲਈ ਕੋਈ ਗਿਣਤੀ ਨਹੀਂ ਹੁੰਦੀ ਅਤੇ ਕੋਈ ਸੀਮਾ ਨਹੀਂ ਹੁੰਦੀ। – ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

- ਨਿਰੰਕਾਰ ਦਾ ਸਾਡੇ ਅੰਦਰ ਐਨਾਂ ਡਰ ਹੋਵੇ ਕਿ ਸਾਡੇ ਕੋਲੋਂ ਕਦੇ ਕੋਈ ਗਲਤੀ ਨਾ ਹੋ ਸਕੇ।
- ਜੋ ਬੱਚੇ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦੇ, ਉਹਨਾਂ ਦੀ ਹੋਰ ਕੋਈ ਸੇਵਾ ਵੀ ਪ੍ਰਵਾਨ ਨਹੀਂ ਹੁੰਦੀ।

– ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ

- ਨਿਰੰਕਾਰ ਪ੍ਰਭੂ ਨੂੰ ਜਾਣ ਕੇ ਹੀ ਵਿਸ਼ਵਸ਼ਾਂਤੀ ਸੰਭਵ ਹੈ।

– ਸਤਿਗੁਰੂ ਬਾਬਾ ਹਰਦੇਵ ਸਿੰਘ ਜੀ

- ਕੋਈ ਵੀ ਅਹੁਦਾ ਮਿਲਣ ਤੇ ਦਾਸ ਭਾਵਨਾਂ ਰੱਖਣੀਂ ਬਹੁਤ ਜ਼ਰੂਰੀ ਹੈ।

– ਬਾਬਾ ਗੁਰਬਚਨ ਸਿੰਘ ਜੀ

- ਜੇਕਰ ਗੁਆਂਢੀ ਦੇ ਬੱਚੇ ਭੁੱਖੇ ਨੰਗੇ ਹੋਣ ਤਾਂ ਮੈਨੂੰ ਭੋਜਨ ਕਰਵਾਉਣ ਅਤੇ ਸੂਟ ਭੇਟਾਂ ਕਰਨ ਦਾ ਕੋਈ ਫਾਇਦਾ ਨਹੀਂ।

– ਬਾਬਾ ਅਵਤਾਰ ਸਿੰਘ ਜੀ

- ਸਾਡਾ ਦੂਸਰੇ ਲੋਕਾਂ ਨਾਲ ਜੋ ਸੰਬਧ ਹੈ ਉਸ ਨਾਲ ਹੀ ਸਾਡੇ ਸੁੱਖ-ਦੁੱਖ ਦਾ ਜਨਮ ਹੁੰਦਾ ਹੈ।
- ਆਤਮ ਵਿਸ਼ਵਾਸ ਹੀ ਉਨਤੀ ਦੀ ਪਹਿਲੀ ਪੌੜੀ ਹੈ।

– ਸਵਾਮੀ ਵਿਵੇਕਾਨੰਦ

- ਆਪਣੀਆਂ ਜ਼ਰੂਰਤਾਂ ਨੂੰ ਸੀਮਿਤ ਰੱਖਣ ਵਾਲਾ ਸਦਾ ਸੁਖੀ ਰਹਿੰਦਾ ਹੈ।
- ਹਰ ਮਨੁੱਖ ਨੂੰ ਆਪਣਾ ਜੀਵਨ ਪਿਆਰਾ ਹੁੰਦਾ ਹੈ ਪਰੰਤੂ ਮਹਾਨ ਪੁਰਸ਼ਾਂ ਨੂੰ ਦੂਸਰਿਆਂ ਦਾ ਜੀਵਨ ਵੀ ਪਿਆਰਾ ਲਗਦਾ ਹੈ।
- ਉਹ ਹੀ ਉਨਤੀ ਕਰ ਸਕਦਾ ਹੈ ਜੋ ਪਹਿਲਾਂ ਆਪਣੇ ਆਪ ਨੂੰ ਉਪਦੇਸ਼ ਦਿੰਦਾ ਹੈ।

– ਸ਼ੈਕਸਪੀਅਰ

- ਸਭ ਤੋਂ ਵੱਡੀ ਮੂਰਖਤਾ ਹੈ ਆਪਣੀ ਤੰਦਰੁਸਤੀ ਨੂੰ ਕਿਸੇ ਫਾਲਤੂ ਅਤੇ ਬੇਕਾਰ ਫਾਇਦੇ ਲਈ ਬਰਬਾਦ ਕਰ ਦੇਣਾ।
- ਵਿਸ਼ਵਾਸ ਅਤੇ ਪ੍ਰੇਮ ਵਿੱਚੋਂ ਕਿਸੇ ਨੂੰ ਵੀ ਜ਼ਬਰਦਸਤੀ ਨਹੀਂ ਪੈਦਾ ਕੀਤਾ ਜਾ ਸਕਦਾ।

– ਸਵਾਮੀ ਰਾਮਤੀਰਥ

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

# ਫੇਰ ਮੁਬਾਰਕ ਸਾਲ ਨਵਾਂ

✸ ਬਲਵਿੰਦਰ ਬਾਲਮ

ਨਿਰਧਨ ਦੇ ਘਰ ਸੂਰਜ ਹੋਏ ਫੇਰ ਮੁਬਾਰਕ ਸਾਲ ਨਵਾਂ।
ਭੁੱਖਾ ਬੱਚਾ ਕੋਈ ਨਾ ਰੋਏ, ਫੇਰ ਮੁਬਾਰਕ ਸਾਲ ਨਵਾਂ।

ਮਾਨਵਤਾ ਦੇ ਵਿਹੜੇ ਵਿੱਚੋਂ ਜੰਗ ਦੀ ਨੀਤੀ ਉਗੇ ਨਾ,
ਪੁੱਤ, ਸੁਹਾਗ, ਨਾ ਮਮਤਾ ਖੋਏ, ਫੇਰ ਮੁਬਾਰਕ ਸਾਲ ਨਵਾਂ।

ਸਾਂਝ-ਭਿਆਲੀ ਵਾਲਾ ਰਿਸ਼ਤਾ ਘਰ-ਘਰ ਵਿਚ ਮਹਿਫੂਜ਼ ਰਹੇ,
ਪਿਆਰ ਮੁਹੱਬਤ ਦੀ ਲੋਅ ਹੋਏ, ਫੇਰ ਮੁਬਾਰਕ ਸਾਲ ਨਵਾਂ।

ਠੰਡੀ-ਠੰਡੀ ਵਾਅ ਦਾ ਬੁੱਲਾ ਨੰਗੀ ਧੁੱਪ ਦੇ ਨਾਲ ਜਦੋਂ
ਚੁਹਲਾਂ ਕਰਦਾ ਉਸ ਨੂੰ ਛੋਏ, ਫੇਰ ਮੁਬਾਰਕ ਸਾਲ ਨਵਾਂ।

ਰਿੜ੍ਹਦਾ-ਰਿੜ੍ਹਦਾ ਜੇ ਕੋਈ ਬੱਚਾ ਦਾਦੀ ਮਾਂ ਨੂੰ ਛੂਹਣ ਲਈ,
ਆਪਣੇ ਪੈਰੀਂ ਆਪ ਖਲੋਏ, ਫੇਰ ਮੁਬਾਰਕ ਸਾਲ ਨਵਾਂ।

ਸਾਂਝ ਦੇ ਨਿੱਘੇ ਸੂਰਜ ਚੋਂ ਹਾਸੇ ਤੇ ਖੁਸ਼ੀਆਂ ਦੀ ਲੋਅ,
ਚਾਰ-ਚੁਫੇਰੇ ਹੀ ਜਦ ਹੋਏ, ਫੇਰ ਮੁਬਾਰਕ ਸਾਲ ਨਵਾਂ।

ਸੱਜਣਾਂ ਵਾਲੀ ਪ੍ਰੀਤ ਸੁਹਾਣੀ 'ਬਾਲਮ' ਬੀਤੇ ਸਮਿਆਂ ਦੀ,
ਹਿਰਦੇ ਵਿਚ ਜੇ ਆਣ ਸਮੋਏ, ਫੇਰ ਮੁਬਾਰਕ ਸਾਲ ਨਵਾਂ।



❑ ਮਹੇਸ਼ ਚੰਦਰ ਸ਼ਰਮਾ

## ਮਹਾਨ ਅਜ਼ਾਦੀ ਘੁਲਾਟੀਆ

# ਚੰਦਰਸ਼ੇਖਰ ਆਜ਼ਾਦ



**ਸ੍ਰੀ ਚੰਦਰਸ਼ੇਖਰ** 'ਆਜ਼ਾਦ' ਹਰਮਨ ਪਿਆਰੇ ਅਜ਼ਾਦੀ ਦੇ ਘੁਲਾਟੀਏ ਸਨ। ਉਹ ਪੰਡਿਤ ਰਾਮ ਪ੍ਰਸਾਦ ਬਿਸਮਿਲ ਅਤੇ ਸਰਦਾਰ ਭਗਤ ਸਿੰਘ ਵਰਗੇ ਮਹਾਨ ਕ੍ਰਾਂਤੀਕਾਰੀਆਂ ਦੇ ਸਾਥੀਆਂ ਵਿਚੋਂ ਸਨ। ਚੰਦਰਸ਼ੇਖਰ ਆਜ਼ਾਦ ਦਾ ਜਨਮ ਭਾਂਬਰਾ ਪਿੰਡ (ਵਰਤਮਾਨ ਅਲੀਰਾਜਪੁਰ ਜਿਲਾ) ਵਿੱਚ 23 ਜੁਲਾਈ ਸੰਨ 1906 ਨੂੰ ਹੋਇਆ ਸੀ। ਉਹਨਾਂ ਦੇ ਵਡੇਰੇ ਬਦਰਕਾ (ਵਰਤਮਾਨ ਉਨਾਵ ਜਿਲਾ) ਤੋਂ ਸਨ। ਆਜ਼ਾਦ ਦੇ ਪਿਤਾ ਪੰਡਿਤ ਸੀਤਾ ਰਾਮ ਤਿਵਾਰੀ ਸੰਮਤ 1956 ਵਿੱਚ ਅਕਾਲ ਦੇ ਸਮੇਂ ਆਪਣੇ ਪੈਤ੍ਰਿਕ ਨਿਵਾਸ ਬਦਰਕਾ ਨੂੰ ਛੱਡ ਕੇ ਪਹਿਲਾਂ ਕੁਝ ਦਿਨ ਮਧਪ੍ਰਦੇਸ਼ ਦੀ ਅਲੀਰਾਜਪੁਰ ਰਿਆਸਤ ਵਿੱਚ ਨੌਕਰੀ ਕਰਦੇ ਰਹੇ ਫਿਰ ਜਾ ਕੇ ਭਾਂਬਰਾ ਪਿੰਡ ਵਿੱਚ ਵਸ ਗਏ। ਇਥੇ ਬਾਲਕ ਚੰਦਰਸ਼ੇਖਰ ਦਾ ਬਚਪਨ ਬੀਤਿਆ। ਉਹਨਾਂ ਦੀ ਮਾਂ ਦਾ ਨਾਂ ਜਗਰਾਨੀ ਦੇਵੀ ਸੀ। ਆਜ਼ਾਦ ਦਾ ਸ਼ੁਰੂਆਤੀ ਜੀਵਨ ਪਿੰਡ ਵਿੱਚ ਬੀਤਿਆ ਅਤੇ ਬਚਪਨ ਵਿੱਚ ਆਜ਼ਾਦ ਨੇ ਭੀਲ ਬਾਲਕਾਂ ਦੇ ਨਾਲ ਖੂਬ ਧਨੁਸ਼ ਬਾਣ ਚਲਾਏ। ਇਸ ਪ੍ਰਕਾਰ ਉਹਨਾਂ ਨੇ ਨਿਸ਼ਾਨੇਬਾਜ਼ੀ ਬਚਪਨ ਵਿੱਚ ਹੀ ਸਿੱਖ ਲਈ ਸੀ। ਉਸ ਸਮੇਂ ਬਨਾਰਸ ਕ੍ਰਾਂਤੀਕਾਰੀਆਂ ਦਾ ਗੜ ਸੀ। ਉਥੇ ਉਹਨਾਂ ਨੇ ਕਾਂਸ਼ੀ ਵਿਦਿਆਪੀਠ ਵਿੱਚ ਦਾਖਲਾ ਲਿਆ, ਇਥੇ ਉਹਨਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਗਿਆ ਸੀ। ਇਥੇ ਉਹ ਕ੍ਰਾਂਤੀਕਾਰੀ ਦਲ ਦੇ ਮੈਂਬਰ ਬਣ ਗਏ। ਕ੍ਰਾਂਤੀਕਾਰੀਆਂ ਦਾ ਉਹ ਦਲ 'ਹਿੰਦੁਸਤਾਨ ਪ੍ਰਜਾਤੰਤਰ ਸੰਘ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਚੰਦਰਸ਼ੇਖਰ ਦੀ ਉਮਰ ਜਦ 14 ਸਾਲ ਦੀ ਹੀ ਸੀ, ਉਹ ਕਾਂਸ਼ੀ ਦੇ ਗੌਰਮਿੰਟ ਕਾਲਜ ਦੀਆਂ ਪੌੜੀਆਂ ਵਿੱਚ ਧਰਨਾ ਦਿੰਦੇ ਫੜ ਲਏ ਗਏ ਸਨ। ਚੌਦਹਾਂ ਸਾਲ ਦੀ ਉਮਰ ਵਿੱਚ ਉਹ ਕਾਰਨਾਮਾ ਕਰ ਵਿਖਾਇਆ ਸੀ, ਜਿਸ ਦੇ ਲਈ ਉਹਨਾਂ ਨੂੰ 15 ਬੈਂਤਾਂ ਦੀ ਸਜਾ ਮਿਲੀ ਸੀ। ਅਦਾਲਤੀ ਕਾਰਵਾਈ ਦੇ ਵਕਤ ਮੈਜਿਸਟ੍ਰੇਟ ਨੇ ਪੁੱਛਿਆ, –

'ਤੁਹਾਡਾ ਨਾਂ'?

'ਆਜ਼ਾਦ'

'ਪਿਤਾ ਦਾ ਨਾਮ'

'ਸਵਾਧੀਨ'

'ਨਿਵਾਸ'

'ਜੇਲਖਾਨਾ'

ਬ੍ਰਿਟਿਸ਼ ਅਧਿਕਾਰੀ ਇਸ ਤੋਂ ਚਿੜ ਗਏ। ਆਜ਼ਾਦ ਨੂੰ 15 ਬੈਂਤ ਮਾਰਨ ਦਾ ਦੰਡ ਸ਼ੁਰੂ ਕਰ ਦਿਤਾ ਗਿਆ। ਪਰ ਹਰ ਬੈਂਤ ਦੀ ਮਾਰ ਦੇ ਨਾਲ ਬਾਲਕ ਚੰਦਰਸ਼ੇਖਰ ਦਰਦ ਨਾਲ 'ਹਾਏ' ਕਰਨ ਦੀ ਬਜਾਏ ਜ਼ੋਰ ਨਾਲ 'ਬੰਦੇਮਾਤਰਮ ਅਤੇ ਭਾਰਤ ਮਾਤਾ ਦੀ ਜੈ' ਦਾ ਜੈਕਾਰਾ ਲਾਉਂਦੇ ਅਤੇ ਦੰਡਅਧਿਕਾਰੀ ਉਹਨਾਂ ਦਾ ਅਨੋਖਾ ਸਾਹਸ ਵੇਖ ਕੇ ਦੰਗ ਰਹਿ ਜਾਂਦਾ। ਕ੍ਰਾਂਤੀਕਾਰੀ ਪ੍ਰੋਗਰਾਮਾਂ ਦੇ ਅਨੁਸਾਰ 9 ਅਗਸਤ 1925 ਨੂੰ ਕਾਕੋਰੀ ਕਾਂਡ ਨੂੰ ਅੰਜਾਮ ਦਿਤਾ ਗਿਆ। ਅੰਗ੍ਰੇਜ਼ ਚੰਦਰਸ਼ੇਖਰ ਆਜ਼ਾਦ ਨੂੰ ਤਾਂ ਫੜ ਨਹੀਂ ਸਕੇ ਪਰ ਬਾਕੀ

ਕ੍ਰਾਂਤੀਕਾਰੀਆਂ ਪੰਡਿਤ ਰਾਮ ਪ੍ਰਸਾਦ 'ਬਿਸਮਿਲ', ਅਸ਼ਫਾਕ ਉਲੱਾ ਖਾਂ ਅਤੇ ਠਾਕੁਰ ਰੋਸ਼ਨ ਸਿੰਘ ਨੂੰ 19 ਦਸੰਬਰ 1927 ਅਤੇ ਉਸਦੇ ਦੋ ਦਿਨ ਪਹਿਲਾਂ ਰਾਜਿੰਦਰ ਨਾਥ ਲਾਹਿੜੀ ਨੂੰ 17 ਦਸੰਬਰ, 1927 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਅਤੇ ਇਹ ਕ੍ਰਾਂਤੀਕਾਰੀ ਦੇਸ਼ ਲਈ ਸ਼ਹੀਦ ਹੋ ਗਏ। ਇਕ ਵਾਰ ਰਾਮਪ੍ਰਸਾਦ ਬਿਸਮਿਲ ਅਤੇ ਯੋਗੇਸ਼ ਚੈਟਰਜੀ ਆਦਿ ਕ੍ਰਾਂਤੀਕਾਰੀਆਂ ਨੂੰ ਛੁਡਾਉਣ ਦੀ ਯੋਜਨਾ ਵੀ ਬਣੀ ਜਿਸ ਵਿੱਚ ਆਜ਼ਾਦ ਦੇ ਇਲਾਵਾ ਸਰਦਾਰ ਭਗਤ ਸਿੰਘ ਵੀ ਸ਼ਾਮਿਲ ਸਨ ਲੇਕਿਨ ਕਿਸੇ ਕਾਰਣਵਸ਼ ਇਥੇ ਯੋਜਨਾ ਪੂਰੀ ਨਾ ਹੋ ਸਕੀ।

ਚੰਦਰਸ਼ੇਖਰ ਆਜ਼ਾਦ ਦੀ ਇੱਛਾ ਦੇ ਵਿਰੁੱਧ ਜਦ ਭਗਤ ਸਿੰਘ ਅਸੈਂਬਲੀ ਵਿੱਚ ਬੰਬ ਸੁੱਟਣ ਗਏ ਤਾਂ ਆਜ਼ਾਦ ਤੇ ਦਲ ਦੀ ਪੂਰੀ ਜ਼ਿੰਮੇਵਾਰੀ ਆ ਗਈ। ਸਾਂਡਰਸ ਕਤਲ ਵਿੱਚ ਵੀ ਉਹਨਾਂ ਨੇ ਭਗਤ ਸਿੰਘ ਦਾ ਸਾਥ ਦਿੱਤਾ ਅਤੇ ਬਾਦ ਵਿੱਚ ਉਹਨਾਂ ਨੂੰ ਛੁਡਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਭਗਤ ਸਿੰਘ ਨੂੰ ਜੇਲ ਤੋਂ ਛੁਡਾਉਣ ਦੀ ਯੋਜਨਾ ਵੀ ਖਾਈ ਵਿੱਚ ਪੈ ਗਈ ਸੀ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਫਾਂਸੀ ਰੁਕਵਾਉਣ ਲਈ ਆਜ਼ਾਦ ਨੇ ਦੁਰਗਾ ਭਾਬੀ ਨੂੰ ਮਹਾਤਮਾ ਗਾਂਧੀ ਦੇ ਕੋਲ ਭੇਜਿਆ ਜਿਥੋਂ ਉਹਨਾਂ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ ਸੀ।

ਚੰਦਰਸ਼ੇਖਰ ਅੰਦਰ ਕੇਵਲ ਅਦਭੁਤ ਸਾਹਸ ਅਤੇ ਵੀਰਤਾ ਦੇ ਗੁਣ ਹੀ ਨਹੀਂ ਸਨ, ਚਰਿੱਤਰਬਲ ਅਨੁਸਾਸ਼ਨ ਦੇ ਵੀ ਪੱਕੇ ਸਨ ਅਤੇ ਉਹਨਾਂ ਵਿੱਚ ਅਸਧਾਰਣ ਸੰਗਠਨ ਸ਼ਕਤੀ ਵੀ ਸੀ। ਉਹਨਾਂ ਨੇ ਇਹਨਾਂ ਜਨਮ ਜਾਤ ਗੁਣਾਂ ਦੇ ਕਾਰਣ ਉਹਨਾਂ ਨੂੰ ਕ੍ਰਾਂਤੀ ਦੀ ਅਗਵਾਈ ਵੀ ਕੀਤੀ। ਕਾਕੋਰੀ ਡਕੈਤੀ ਦੇ ਸਮੇਂ ਉਹਨਾਂ ਦੀ ਉਮਰ ਘੱਟ ਸੀ ਫਿਰ ਵੀ ਫੜੇ ਜਾਣ ਦੇ ਬਾਅਦ ਫਰਾਰ ਹੋ ਗਏ ਸਨ। ਉਸਦੇ ਬਾਅਦ ਤਾਂ ਮੁੰਬਈ, ਕਾਨਪੁਰ, ਝਾਂਸੀ, ਆਗਰਾ, ਦਿੱਲੀ ਤੋਂ ਲਾਹੌਰ ਤਕ ਕ੍ਰਾਂਤੀ ਸੂਤਰ ਉਹਨਾਂ ਨੇ ਆਪਣੇ ਹੱਥ ਵਿੱਚ ਰੱਖਿਆ ਸੀ ਅਤੇ ਸਾਰੇ ਕ੍ਰਾਂਤੀਕਾਰੀਆਂ ਤੇ ਉਹਨਾਂ ਦੇ ਵਿਅਕਤੀਤਵ ਅਤੇ ਆਦੇਸ਼ ਦਾ ਦਬਦਬਾ ਰਹਿੰਦਾ ਸੀ।

ਸਰਦਾਰ ਭਗਤ ਸਿੰਘ ਵਰਗੇ ਸਾਥੀ ਮਿਲਣ ਤੇ ਚੰਦਰਸ਼ੇਖਰ ਬਹੁਤ ਖੁਸ਼ ਸਨ। ਤਾਂ ਹੀ ਤਾਂ 'ਸਾਂਡਰਸ ਕਤਲ' ਦੇ ਬਾਦ ਉਹਨਾਂ ਨੇ ਭਗਤ ਸਿੰਘ ਨੂੰ ਛੁਡਾਉਣ ਦੀ ਹਰ ਯੋਜਨਾ ਦੀ ਖੁਦ ਅਗਵਾਈ ਕੀਤੀ। ਦਿੱਲੀ ਅਤੇ ਕਾਨਪੁਰ ਵਿੱਚ ਬੰਬ ਕਾਰਖਾਨੇ ਚਲਾਏ। ਲਾਹੌਰ ਵਿੱਚ ਸਾਂਡਰਸ ਦੀ ਮੌਤ ਦੇ ਬਾਅਦ ਭਗਤ ਸਿੰਘ ਦੇ ਸਾਥੀਆਂ ਵਿੱਚ ਚੰਦਰਸ਼ੇਖਰ ਦੀ ਪੁਲਿਸ ਨੂੰ ਭਾਲ ਸੀ, ਪਰ ਉਹਨਾਂ ਦਾ ਤਾਂ ਸਭ ਤੋਂ ਪਿਆਰਾ ਗੁਣ ਸੀ ਆਜ਼ਾਦ ਰਹਿਣਾ ਅਤੇ ਆਜ਼ਾਦ ਰਹਿ ਕੇ ਹੀ ਮਰਨਾ। ਉਹ ਨਾ ਤਾਂ ਲਾਹੌਰ ਕੇਸ ਵਿੱਚ ਫੜੇ ਗਏ, ਨਾ ਹੀ 'ਕਾਕੋਰੀ ਕਾਂਡ' ਦੇ ਬਾਅਦ, ਹਮੇਸ਼ਾਂ ਫਰਾਰ ਅਤੇ ਆਜ਼ਾਦ ਰਹਿ ਕੇ ਕ੍ਰਾਂਤੀ ਦੀ ਅਗਵਾਈ ਕਰਦੇ ਰਹੇ। ਇਸ ਲਈ ਉਹਨਾਂ ਨੂੰ ਸਾਰੇ ਆਜ਼ਾਦ ਨਾਮ ਨਾਲ ਹੀ ਪੁਕਾਰਦੇ ਸਨ।

26 ਫਰਵਰੀ, 1931 ਨੂੰ ਇਕ ਮੁਖਬਰ ਦੇ ਵਿਸ਼ਵਾਸਘਾਤ ਨਾਲ ਇਲਾਹਾਬਾਦ ਦੇ ਅਲਫ੍ਰੇਡ ਪਾਰਕ ਵਿੱਚ, ਜਦ ਇਕ ਰੁੱਖ ਦੇ ਹੇਠਾਂ ਬੈਠ ਕੇ ਸਾਥੀ ਸ੍ਰੀ ਸੁਖਦੇਵਰਾਜ ਨਾਲ ਸੰਗਠਨ ਦੀ ਗੱਲ ਕਰ ਰਹੇ ਸਨ, ਪੁਲਿਸ ਦੀ ਇਕ ਟੁਕੜੀ ਨਾਲ ਘਿਰ ਗਏ। ਉਸ ਸੰਕਟ ਦੇ ਸਮੇਂ ਵੀ ਉਹਨਾਂ ਨੇ ਇਕ ਸੱਚੇ ਨੇਤਾ ਦੀ ਤਰ੍ਹਾਂ ਸੁਖਦੇਵਰਾਜ ਨੂੰ ਉਥੋਂ ਸੁਰੱਖਿਅਤ ਨਿਕਲ ਜਾਣ ਲਈ ਕਿਹਾ ਅਤੇ ਖੁਦ ਇਕੱਲੇ ਮੁਕਾਬਲਾ ਕਰਨ ਲੱਗੇ। ਮੋਰਚਾ ਸੰਭਾਲ ਕੇ ਉਹਨਾਂ ਨੇ ਪੁਲਿਸ ਤੇ ਅੰਧਾਧੁੰਦ ਗੋਲੀਆਂ ਚਲਾ ਕੇ ਮੁਠਭੇੜ ਵਿੱਚ ਕਈ ਪੁਲਿਸ ਵਾਲਿਆਂ ਨੂੰ ਮਾਰ ਦਿੱਤਾ। ਅਜਿਹਾ ਕਿਹਾ ਜਾਂਦਾ ਹੈ ਕਿ ਜਦ ਉਹਨਾਂ ਪਿਸਤੌਲ ਵਿੱਚ ਇਕ ਅੰਤਿਮ ਗੋਲੀ ਬਚ ਗਈ, ਤਦ ਉਹਨੂੰ ਆਪਣੀ ਕਟਪੱਟੀ ਤੇ ਮਾਰ ਕੇ ਖੁਦ ਆਜ਼ਾਦ ਹੀ ਸ਼ਹੀਦ ਹੋ ਗਏ।

ਉਹਨਾਂ ਦੀ ਸ਼ਹਾਦਤ ਦੇ ਤੁਰੰਤ ਬਾਅਦ ਇਕ ਗੋਰੇ ਪੁਲਿਸ ਇੰਸਪੈਕਟਰ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ- ਅਜਿਹਾ ਨਿਸ਼ਾਨੇਬਾਜ ਮੈਂ ਆਪਣੀ ਜ਼ਿੰਦਗੀ ਵਿੱਚ ਦੂਸਰਾ ਨਹੀਂ ਵੇਖਿਆ। ਇੱਕਲੇ ਇਕ ਰੁੱਖ ਦੀ ਆੜ ਵਿੱਚ ਸੈਂਕੜੇ ਪੁਲਿਸ ਕਰਮਚਾਰੀਆਂ ਨਾਲ ਘਿਰੇ ਘੰਟੇਬੱਧੀ ਮੁਕਾਬਲੇ ਵਿੱਚ ਡਟੇ ਰਹਿਣ ਵਾਲਾ ਕੋਈ ਸਧਾਰਣ ਇਨਸਾਨ ਨਹੀਂ ਹੋ ਸਕਦਾ ਅਤੇ ਐਨੀ ਜਬਰਦਸਤ ਮੁਠਭੇੜ ਵਿੱਚ ਮਾਰਿਆ ਜਾਣ ਵਾਲਾ ਉਹ ਕੋਈ ਡਾਕੂ ਜਾਂ ਚੋਰ-ਉਚੱਕਾ ਨਹੀਂ, ਭਾਰਤ ਮਾਤਾ ਦਾ ਇਕ ਸੱਚਾ ਸਪੂਤ ਸੀ, ਜਿਸ ਨੇ ਉਹਨੂੰ ਮੁਕਤ ਕਰਾਉਣ ਲਈ ਹੀ ਇਹ ਸਾਰੀ ਸਾਧਨਾ ਕੀਤੀ ਸੀ ਕਿ ਨਾ ਤਾਂ ਕੋਈ ਉਹਨੂੰ ਲੱਭ ਕੇ ਫੜ ਸਕਿਆ, ਨਾ ਹੀ ਗੋਲੀ ਨਾਲ ਮਾਰ ਸਕਿਆ। ਉਹ ਆਜ਼ਾਦ ਸੀ, ਅਜ਼ਾਦ ਰਿਹਾ ਅਤੇ ਅਜ਼ਾਦ ਹੀ ਸ਼ਹੀਦ ਹੋਇਆ।



# ਦਾਦਾ ਜੀ

ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ







ਜਦ ਹਲਵਾਈ ਦੀ ਦੁਕਾਨ ਦੇ ਕੋਲ ਗਿਆ ਤਾਂ ਉਹਨੂੰ ਮਿਠਾਈਆਂ ਦੀ ਖੁਸ਼ਬੂ ਆਉਣ ਲੱਗੀ। ਕਿਸਾਨ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਅਤੇ ਉਸਦੇ ਕੋਲ ਜਾ ਕੇ ਖੜਾ ਹੋ ਗਿਆ। ਕਿਸਾਨ ਉਥੇ ਕੁਝ ਦੇਰ ਤਕ ਖੜਾ ਰਿਹਾ ਅਤੇ ਮਿਠਾਈਆਂ ਦੀ ਸੁਗੰਧ ਦਾ ਆਨੰਦ ਲੈਂਦਾ ਰਿਹਾ।
ਜਦ ਹਲਵਾਈ ਨੇ ਕਿਸਾਨ ਨੂੰ ਮਜੇ ਨਾਲ ਉਸਦੀ ਦੁਕਾਨ ਦੀਆਂ ਮਿਠਾਈਆਂ ਦੀ ਖੁਸ਼ਬੂ ਦਾ ਆਨੰਦ ਲੈਂਦੇ ਵੇਖਿਆ ਤਾਂ ਉਹ ਕਿਸਾਨ ਕੋਲ ਗਿਆ।
ਪੈਸੇ ਕੱਢੋ।
ਕਿਸਾਨ ਹੈਰਾਨ ਹੋ ਕੇ ਬੋਲਿਆ - ਮੈਂ ਨਾ ਤਾਂ ਤੇਰੇ ਤੋਂ ਮਿਠਾਈ ਖ੍ਰੀਦੀ ਹੈ ਅਤੇ ਨਾ ਹੀ ਖਾਧੀ ਹੈ। ਫਿਰ ਪੈਸੇ ਕਿਸ ਗੱਲ ਦੇ।
ਕਿਸਾਨ ਦੀ ਇਹ ਗੱਲ ਸੁਣ ਕੇ ਹਲਵਾਈ ਉਸ ਨਾਲ ਝਗੜਾ ਕਰਨ ਲੱਗਾ।


ਅਰੇ! ਅਰੇ ਕੀ ਹੋਇਆ? ਤੁਸੀਂ ਦੋਵੇਂ ਕਿਉਂ ਲੜ ਰਹੇ ਹੋ?
ਕਿਸਾਨ ਨੇ ਸਾਰੀ ਗੱਲ ਦੱਸੀ!
ਅਰੇ! ਭਾਈ ਮੈਂ ਤੁਹਾਨੂੰ ਇਕ ਸੁਝਾਵ ਦਿੰਦਾ ਹਾਂ।
ਕਿਸਾਨ ਹਲਵਾਈ ਦੇ ਕੋਲ ਗਿਆ। ਉਸਨੇ ਆਪਣੀ ਜੇਬ ਵਿਚੋਂ ਕੁਝ ਸਿੱਕੇ ਕੱਢੇ ਅਤੇ ਉਹਨਾਂ ਨੂੰ ਦੋਵਾਂ ਹੱਥਾਂ ਵਿੱਚ ਰੱਖ ਕੇ ਖੜਕਾਇਆ।


ਕਿਸਾਨ ਜਦ ਵਾਪਸ ਜਾਣ ਲੱਗਾ ਤਾਂ ਹਲਵਾਈ ਉਸਦੇ ਪਿਛੇ ਚੱਲਣ ਲੱਗਾ ਅਤੇ ਉਸਤੋਂ ਪੈਸੇ ਮੰਗਣ ਲੱਗਾ।
ਮੇਰੇ ਪੈਸੇ ਤਾਂ ਦਿਉ।
ਜਿਵੇਂ ਮਿਠਾਈ ਦੀ ਖੁਸ਼ਬੂ ਦਾ ਆਨੰਦ ਲੈਣਾ ਮਿਠਾਈ ਖਾਣ ਦੇ ਬਰਾਬਰ ਹੀ ਹੈ ਤਾਂ ਫਿਰ ਉੰਝ ਹੀ ਸਿੱਕਿਆਂ ਦੀ ਖਨਕ ਸੁਣਨਾ ਵੀ ਪੈਸੇ ਲੈਣ ਦੇ ਬਰਾਬਰ ਹੀ ਹੈ।
ਇਹ ਸੁਣ ਕੇ ਸਾਰੇ ਲੋਕ ਜੋਰ-ਜੋਰ ਨਾਲ ਹੱਸਣ ਲੱਗੇ ਅਤੇ ਹਲਵਾਈ ਸ਼ਰਮਿੰਦਾ ਹੋ ਕੇ ਵਾਪਸ ਚਲਾ ਗਿਆ।
ਸਿਖਿਆ : ਸੂਝ-ਬੂਝ ਨਾਲ ਹਰ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!





kids Nirankari
spiritual dreamland for kids

# Spiritual Zone for kids



**With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.**

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the Registrar of Newspaper For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
| --- | --- | --- |
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

**ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ**

| TAMIL | ORIYA | TELUGU | GUJRATI | KANNADA | BANGLA |
| --- | --- | --- | --- | --- | --- |
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884.G.T. Road, Laxmipur-2 East Bardhman—713101 Ph. 0342-2657219 |

**ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।**

Posted at NDPSO Prescribed dates 23rd & 24th. Date of Publication: 17th & 18th (Advance Month)